ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ
ਐਸ.ਸੀ.ਓ.ਨੰ: 131-132,ਸੈਕਟਰ 17-ਸੀ, ਚੰਡੀਗੜ੍ਹ - 160 017
(ਜਨਰਲ ਸਾਖਾ)

ਫੋਨ. 0172-2704878
ਫੈਕਸ. 0172-2702504
ਈ-ਮੇਲ: eo.dlgchd@gmail.com

| ਲੜੀ ਨੰ: | ਵਿਸਾ | ਪੱਤਰ ਨੰ:ਅਤੇ ਮਿਤੀ | ਵਿਸੇਸ ਕਥਨ |
|---|---|---|---|
| 1 | ਸਫਾਈ ਕਾਮਿਆਂ/ਕੱਚੇ ਮੁਲਾਜਮਾਂ ਦੀਆਂ ਮੰਗਾਂ ਸਬੰਧੀ ਮਾਨਯੋਗ ਮੁੱਖ ਮੰਤਰੀ ਪੰਜਾਬ ਜੀ ਦੀ ਪ੍ਰਧਾਨਗੀ ਹੇਠ ਮਿਤੀ 31-10-2011 ਨੂੰ ਸਾਮ 4.00 ਵਜੇ ਉਨਾਂ ਦੇ ਨਿਵਾਸ ਸਥਾਨ ਵਿਖੇ ਹੋਈ ਮੀਟਿੰਗ ਦੀ ਕਾਰਵਾਈ । | ਪੱਤਰ ਨੰ:ਸ1-ਜਸ-ਡਸਸ-11/34583-607 ਮਿਤੀ 14-11-2011 | - |
| 2 | ਠੇਕੇ ਉੱਤੇ ਕੰਮ ਕਰਨ ਵਾਲੇ ਕਿਰਤੀਆਂ/ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਬਾਰੇ । | ਪੱਤਰ ਨੰ:ਸ1-ਜਬ-ਡਸਸ-2012/21931-45 ਮਿਤੀ:11-7-2012 | - |
| 3 | ਜਨਮ ਅਤੇ ਮੌਤ ਰਜਿਸਟਰੇਸਨ ਦੀ ਪ੍ਰਣਾਲੀ ਵਿੱਚ ਸੁਧਾਰ ਸਬੰਧੀ । | ਪੱਤਰ ਨੰ:ਸ2-ਜਬ-ਡਸਸ-12/29669-815 ਮਿਤੀ: 7-8-2012 | - |
| 4 | ਸਹਿਰੀ ਸੰਸਥਾਵਾਂ ਦੇ ਕਰਮਚਾਰੀਆਂ ਦੀ ਜੀ.ਪੀ.ਐਫ. ਦੀ ਕਟੌਤੀ ਸਮੇ ਸਿਰ ਜਮ੍ਹਾਂ ਕਰਵਾਉਣ ਬਾਰੇ । | ਪੱਤਰ ਨੰ:ਸ1-ਜਬ-ਡਸਸ-2012/44418-44432 ਮਿਤੀ 29-11-2012 | |
| 5 | ਪੰਜਾਬ ਰਾਜ ਵਿੱਚ ਡੇਂਗੂ ਦੀ ਰੋਕਥਾਮ ਲਈ ਉਚੇਚੇ ਉਪਰਾਲੇ ਕਰਨ ਸਬੰਧੀ । | ਪੱਤਰ ਨੰ:ਸ2-ਜਬ-ਡਸਸ-13/35404-418 ਮਿਤੀ: 22-10-2013 | - |
| 6 | ਪੰਜਾਬ ਰਾਜ ਵਿੱਚ ਡੇਂਗੂ ਅਤੇ ਹੋਰ ਵੈਕਟਰ ਬੌਰਨ ਡਜੀਜ ਨੂੰ ਕੰਟਰੋਲ ਕਰਨ ਲਈ ਕੀਤੇ ਜਾਣ ਵਾਲੇ ਉਪਰਾਲੇ। | ਪੱਤਰ ਨੰ:ਸ2-ਜਬ-ਡਸਸ-13/40427-442 ਮਿਤੀ: 3-12-2013 | - |
| 7 | ਜਨਮ ਅਤੇ ਮੌਤ ਰਜਿਸਟਰੇਸਨ ਦੀ ਪ੍ਰਣਾਲੀ ਵਿੱਚ ਸੁਧਾਰ ਕਰਨ ਸਬੰਧੀ । | ਪੱਤਰ ਨੰ:ਸ2-ਜਬ-ਡਸਸ-13/109-269 ਮਿਤੀ: 02-01-2014 | |
| 8 | ਸਹਿਰੀ ਸਥਾਨਕ ਸੰਸਥਾਵਾਂ ਵਿਖੇ ਕਰਵਾਏ ਜਾ ਰਹੇ ਵਿਕਾਸ ਦੇ ਕੰਮਾਂ ਸਬੰਧੀ । | ਪੱਤਰ ਨੰ:ਸ1-ਜਬ-ਡਸਸ-14/4161-75 ਮਿਤੀ:29-01-2014 | - |
| 9 | ਸਹਿਰੀ ਸਥਾਨਕ ਸੰਸਥਾਵਾਂ ਵਿਖੇ ਕਰਵਾਏ ਜਾ ਰਹੇ ਵਿਕਾਸ ਦੇ ਕੰਮਾਂ ਸਬੰਧੀ । | ਪੱਤਰ ਨੰ:ਸ1-ਜਬ-ਡਸਸ-14/14818-837 ਮਿਤੀ:15-4-2014 | - |
| 10 | ਪੰਜਾਬ ਰਾਜ ਵਿੱਚ ਡੇਂਗੂ ਦੀ ਰੋਕਥਾਮ ਅਤੇ ਬਚਾਓ ਲਈ ਉਚੇਚੇ ਉਪਰਾਲੇ ਕਰਨ ਸਬੰਧੀ ਅਤੇ ਮਲੇਰੀਆਂ ਦੀ ਰੋਕਥਾਮ ਬਾਰੇ । | ਪੱਤਰ ਨੰ:ਸ2-ਜਬ-ਡਸਸ-14/19996-20011 ਮਿਤੀ:02-6-2014 | - |
| 11 | ਬਰਸਾਤੀ ਨਾਲਿਆਂ ਅਤੇ ਸਬੰਧਤ ਥਾਵਾਂ ਤੇ ਇਕੱਠੇ ਹੋਏ ਬਰਸਾਤੀ ਪਾਣੀ ਦਾ ਨਿਕਾਸ ਕਰਨ ਅਤੇ ਲੋੜੀਂਦੇ ਸਫਾਈ ਫੌਰੀ ਤੌਰ ਤੇ ਕਰਵਾਉਣ ਸਬੰਧੀ | ਪੱਤਰ ਨੰ:ਸ2-ਜਸ-ਡਸਸ-14/24664-24854 ਮਿਤੀ: 02-7-2014 | - |
| 12 | ਮੀਟਿੰਗ ਆਫ ਦੀ ਸਟੇਟ ਟਾਸਕ ਫੋਰਸ ਨੈਸਨਲ ਵੈਕਟਰ ਬੌਰਨ ਡਜੀਜ ਕੰਟਰੋਲ ਪ੍ਰੋਗਰਾਮ ਆਨ 10-9-2014 ਸਵੇਰੇ 11.00 ਵਜੇ ਹੋਈ ਦੇ ਸਬੰਧ ਵਿੱਚ । | ਪੱਤਰ ਨੰ:ਸ2-ਜਸ-ਡਸਸ-14/37946-961 ਮਿਤੀ:23-9-2014 | - |

| | | | |
|---|---|---|---|
| 13 | ਜਨਮ ਅਤੇ ਮੌਤ ਰਜਿਸਟਰੇਸ਼ਨ ਦੀ ਪ੍ਰਣਾਲੀ ਵਿੱਚ ਸੁਧਾਰ ਕਰਨ ਸਬੰਧੀ। | ਪੱਤਰ ਨੰ:ਸ2-ਜਬ-ਡਸਸ-14/48800-14 ਮਿਤੀ: 19.12.14 ਮਿਤੀ: 09-12-2014 | |
| 14 | ਠੇਕੇਦਾਰਾਂ ਨੂੰ ਅਦਾਇਗੀਆਂ ਕਰਨ ਸਬੰਧੀ ਹਦਾਇਤਾਂ। | ਪੱਤਰ ਨੰ:128/**A1-GB-DLG-2015 (Misc)15475-688 Dated 15-04-2015** | |
| 15 | ਲੋਕਾਂ ਵਿੱਚ ਜਾਗਰੂਕਤਾਂ ਲਿਆਉਣ ਲਈ ਮੁਹਿੰਮ ਚਲਾਉਣ ਸਬੰਧੀ। | ਪੱਤਰ ਨੰ: ਸ2-ਜਸ-ਡਸਸ-16/18188-18203 ਮਿਤੀ: 26-04-2016 | |
| 16 | ਡੇਂਗੂ ਅਤੇ ਮਲੇਰੀਆ ਬੁਖਾਰ ਦੇ ਵੱਧ ਰਹੇ ਕੇਸਾਂ ਸਬੰਧੀ ਲੋਕਾਂ ਵਿੱਚ ਜਾਗਰੂਕਤਾ ਲਿਆਉਦ ਲਈ ਹਦਾਇਤਾਂ ਜਾਰੀ ਕਰਨ ਸਬੰਧੀ। | ਪੱਤਰ ਨੰ:ਸ2-ਜਸ-ਡਸਸ-16/50846-61 ਮਿਤੀ: 12-10-2016 | |

## ... ਕਾਮਿਆਂ/ਕੱਚੇ ਮੁਲਾਜਮਾਂ ਦੀਆਂ ਮੰਗਾਂ ਸਬੰਧੀ ਮਾਨਯੋਗ ਮੁੱਖ ਮੰਤਰੀ, ...ਖ ਜੀ ਦੀ ਪ੍ਰਧਾਨਗੀ ਹੇਠ ਮਿਤੀ 31-10-2011 ਨੂੰ ਸਾਮ 4.00 ਵਜੇ ਉਨ੍ਹਾਂ ਦੇ ਨਿਵਾਸ ਸਥਾਨ ਵਿਖੇ ਹੋਈ ਮੀਟਿੰਗ ਦੀ ਕਾਰਵਾਈ।

ਜਿਨ੍ਹਾਂ ਅਧਿਕਾਰੀਆਂ/ਯੂਨੀਅਨ ਦੇ ਨੁਮਾਇੰਦਿਆਂ ਵਲੋਂ ਮੀਟਿੰਗ ਵਿੱਚ ਭਾਗ ਲਿਆ ਸੀ, ਦੀ ਲਿਸਟ ਅਨੁਲਗ 'ੳ' ਤੇ ਹੈ।

ਮੁਲਾਜਮਾਂ ਦੀਆਂ ਵੱਖ-ਵੱਖ ਜੱਥੇਬੰਦੀਆਂ ਦੇ ਨੁਮਾਇੰਦਿਆਂ ਨਾਲ ਕਰਮਚਾਰੀਆਂ ਦੀਆਂ ਮੰਗਾਂ ਸਬੰਧੀ ਵਿਚਾਰ ਵਟਾਦਰਾਂ ਕਰਨ ਉਪਰੰਤ ਹੇਠ ਲਿਖੇ ਅਨੁਸਾਰ ਫੈਸਲੇ ਲਏ ਗਏ:-

1) ਕੱਚੇ ਮੁਲਾਜਮ ਪੱਕੇ ਕਰਨ ਬਾਰੇ।

(ੳ) ਸਥਾਨਕ ਸਰਕਾਰ ਵਿਭਾਗ ਦੇ ਪੱਤਰ ਨੰ: ਸ1-ਜਸ-ਡਸਸ-08/36066-70 ਅਤੇ 36071-76, ਮਿਤੀ 25-11-2008 ਰਾਹੀਂ ਸਮੂਹ ਕਮਿਸ਼ਨਰ-ਨਗਰ ਨਿਗਮ ਅਤੇ ਸਮੂਹ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ ਨੂੰ ਹਦਾਇਤਾਂ ਜਾਰੀ ਕੀਤੀਆਂ ਗਈਆ ਸਨ ਕਿ ਮੁਹੱਲਾਂ ਸੈਨੀਟੇਸ਼ਨ ਕਮੇਟੀਆਂ ਵਿੱਚ ਕੰਮ ਕਰਦੇ ਸਫਾਈ ਸੇਵਕਾਂ ਦੀ ਸੇਵਾ ਨੂੰ ਰੈਗੂਲਰ ਕਰਨ ਲਈ ਕੱਟ ਆਫ ਡੇਟ 1-4-2008 ਨਿਸਚਿਤ ਕੀਤੀ ਗਈ ਸੀ। ਹੁਣ ਫੈਸਲਾ ਕੀਤਾ ਜਾਂਦਾ ਹੈ ਕਿ ਜਿਹੜੇ ਕੱਚੇ ਜਾਂ ਮੁਹੱਲਾ ਸੈਨੀਟੇਸਨ ਕਮੇਟੀਆਂ ਵਿੱਚ ਕੰਮ ਕਰਦੇ ਮੁਲਾਜਮ ਮਿਤੀ 1-04-2008 ਨੂੰ ਸੇਵਾ ਵਿੱਚ ਸਨ ਅਤੇ ਹੁਣ ਵੀ ਸੇਵਾ ਵਿੱਚ ਹਨ ਦੀਆਂ ਸੇਵਾਵਾਂ ਨੂੰ ਰੈਗੂਲਰ ਕੀਤਾ ਜਾਂਦਾ ਹੈ। ਇਸ ਸਬੰਧੀ ਕਾਰਵਾਈ ਸਬੰਧਤ ਸਹਿਰੀ ਸਥਾਨਕ ਸੰਸਥਾਵਾਂ ਵਲੋਂ ਆਪਣੇ ਪੱਧਰ ਤੇ ਹੋਂਦ ਵਿੱਚ ਲਿਆਂਦੀ ਜਾਵੇਗੀ।

(ਅ) ਕਨਟੈਰੈਕਟ ਤੇ ਕੰਮ ਕਰ ਰਹੇ ਗੈਰ ਪ੍ਰਾਂਤੀਕਰਨ ਕਰਮਚਾਰੀ ਜਿਨ੍ਹਾਂ ਨੂੰ ਯੋਗ ਵਿਧੀ ਰਾਂਹੀ ਨਿਯੁਕਤ ਕੀਤਾ ਗਿਆ ਹੈ ਅਤੇ ਜਿਨ੍ਹਾਂ ਦੀ ਸੇਵਾ ਤਿੰਨ ਸਾਲ ਦੀ ਹੋ ਚੁੱਕੀ ਹੈ, ਉਨ੍ਹਾਂ ਦੀਆਂ ਸੇਵਾਵਾਂ ਨੂੰ ਰੈਗੂਲਰ ਕਰਨ ਸਬੰਧੀ ਫੈਸਲਾ ਲਿਆ ਗਿਆ।

(ੲ) ਹੋਰ ਦਿਹਾੜੀਦਾਰ, ਵਰਕਚਾਰਜ ਆਦਿ ਤੇ ਕੰਮ ਕਰ ਰਹੇ ਉਨ੍ਹਾਂ ਕਰਮਚਾਰੀਆਂ ਨੂੰ ਜਿਨ੍ਹਾਂ ਨੇ ਦਸੰਬਰ 2006 ਵਿੱਚ 10 ਸਾਲ ਦੀ ਸੇਵਾ

ਪੂਰੀ ਕਰ ਲਈ ਹੈ, ਦੀਆਂ ਸੇਵਾਵਾਂ ਵੀ ਰੈਗੂਲਰ ਕਰਨ ਦਾ ਫੈਸਲਾ ਲੇਤਾ ਗਿਆ। ਇਸ ਸਬੰਧੀ ਕਾਰਵਾਈ ਸਬੰਧਤ ਸਹਿਰੀ ਸਥਾਨਕ ਸੰਸਥਾਵਾਂ ਵਲੋਂ ਆਪਣੇ ਪੱਧਰ ਤੇ ਹੋਂਦ ਵਿੱਚ ਲਿਆਂਦੀ ਜਾਵੇਗੀ।

2) ਪੈਨਸਨ ਸਕੀਮ ਬਾਰੇ।

ਅਜਿਹੇ ਸਮੂਹ ਕਾਮੇ/ਕਰਮਚਾਰੀ ਜਿਹੜੇ ਪੈਨਸਨ ਸਬੰਧੀ ਸਮੇਂ ਸਿਰ ਆਪਣੀ ਆਪਸ਼ਨ ਨਹੀਂ ਦੇ ਸਕੇ ਸਨ, ਬਾਰੇ ਫੈਸਲਾ ਲਿਆ ਗਿਆ ਹੈ ਕਿ ਜਿਹੜੇ ਕਾਮੇ/ਕਰਮਚਾਰੀ ਪੈਨਸਨ ਸਕੀਮ ਅਡਾਪਟ ਕਰਨਾ ਚਾਹੁੰਦੇ ਹਨ, ਉਹ ਮਿਤੀ 31-12-2011 ਤੱਕ ਆਪਣੀਆਂ ਆਪਸਨਾਂ ਦੇ ਸਕਦੇ ਹਨ।

ਮੀਟਿੰਗ ਸਭਾਪਤੀ ਜੀ ਦੇ ਧੰਨਵਾਦ ਮਤੇ ਸਹਿਤ ਸਮਾਪਤ ਹੋਈ।

**ਡਾਇਰੈਕਟੋਰੇਟ ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ**

(ਜਨਰਲ ਸਾਖਾ)

ਮਿਤੀ:- 14-11-2011

ਪਿੱਠ ਅੰਕਣ ਨੰ: ਸ1-ਜਸ-ਡਸਸ-11/34583-607 ਉਪਰੋਕਤ ਮੀਟਿੰਗ ਦੀ ਕਾਰਵਾਈ ਦੀ ਨਕਲ ਹੇਠ ਲਿਖਿਆ ਨੂੰ ਸੂਚਨਾ ਅਤੇ ਲੋੜੀਦੀ ਕਾਰਵਾਈ ਲਈ ਭੇਜੀ ਜਾਂਦੀ ਹੈ:-

1) ਸਮੂਹ ਕਮਿਸ਼ਨਰ, ਨਗਰ ਨਿਗਮ(ਪੰਜਾਬ ਰਾਜ ਵਿਚ);
2) ਸਮੂਹ ਅਧਿਕਾਰੀ, ਸਥਾਨਕ ਸਰਕਾਰ ਵਿਭਾਗ, ਪੰਜਾਬ;
3) ਸਮੂਹ ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ(ਪੰਜਾਬ ਰਾਜ ਵਿਚ);
4) ਸਮੂਹ ਸੁਪਰਡੰਟ(ਸਕੱਤਰੇਤ ਅਤੇ ਡਾਇਰੈਕਟੋਰੇਟ), ਸਥਾਨਕ ਸਰਕਾਰ, ਪੰਜਾਬ;
5) ਸ੍ਰੀ ਵਿਜੇ ਦਾਨਵ, ਚੇਅਰਮੈਨ, ਦਲਿਤ ਵਿਕਾਸ ਬੋਰਡ, ਪੰਜਾਬ।
6) ਸ੍ਰੀ ਰਾਜ ਕੁਮਾਰ ਅਤਿਰਾਏ, ਚੇਅਰਮੈਨ, ਸਫਾਈ ਕਰਮਚਾਰੀ ਭਲਾਈ ਬੋਰਡ, ਪੰਜਾਬ, ਚੰਡੀਗੜ੍ਹ;
7) ਸ੍ਰੀ ਸਰਦਾਰੀ ਲਾਲ ਸਰਮਾ, ਪ੍ਰਧਾਨ, ਨਗਰ ਪਾਲਕਾ ਕਰਮਚਾਰੀ ਸੰਗਠਨ, ਨਗਰ ਕੌਂਸਲ, ਕਪੂਰਥਲਾ;

ਸੁਪਰਡੰਟ

ਕਾਪੀ:-

1) ਪ੍ਰਮੁੱਖ ਸਕੱਤਰ/ਮੁੱਖ ਮੰਤਰੀ, ਪੰਜਾਬ ਜੀ;
2) ਨਿਜੀ ਸਕੱਤਰ/ਉਪ ਮੁੱਖ ਮੰਤਰੀ, ਪੰਜਾਬ;
3) ਨਿੱਜੀ ਸਕੱਤਰ/ਸਥਾਨਕ ਸਰਕਾਰ ਮੰਤਰੀ, ਪੰਜਾਬ;
4) ਨਿਜੀ ਸਕੱਤਰ/ਪ੍ਰਮੁੱਖ ਸਕੱਤਰ, ਸਥਾਨਕ ਸਰਕਾਰ, ਪੰਜਾਬ; ਅਤੇ
5) ਨਿਜੀ ਸਹਾਇਕ/ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ।

D.O. Receipt ..........
Supdt. ..........
Asstt./Insp. ..........

ਡਾਇਰੈਕਟੋਰੇਟ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।

(ਜਨਰਲ ਸ਼ਾਖਾ)

ਸੇਵਾ ਵਿਖੇ,

1) ਸਮੂਹ ਕਮਿਸ਼ਨਰ, ਨਗਰ ਨਿਗਮ,
2) ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ
(ਪੰਜਾਬ ਰਾਜ ਵਿਚ)

ਯਾਦ ਪੱਤਰ ਨੰ: ਸ1-ਜਬ-ਡਸਸ-2012/21431-45
ਮਿਤੀ:- 21-07-12

ਵਿਸ਼ਾ:- ਠੇਕੇ ਉੱਤੇ ਕੰਮ ਕਰਨ ਵਾਲੇ ਕਿਰਤੀਆਂ/ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਬਾਰੇ।

.......

ਉਪਰੋਕਤ ਵਿਸ਼ੇ ਦੇ ਸਬੰਧ ਵਿਚ ਇਸ ਦਫ਼ਤਰ ਦੇ ਪੱਤਰ ਪਿੱਠ ਅੰਕਣ ਨੰ: 1/12/11-2ਸਸ4/2157 ਮਿਤੀ 11-8-2011 ਦੇ ਹਵਾਲੇ ਵਿਚ।

2. ਹਵਾਲੇ ਅਧੀਨ ਪੱਤਰ ਰਾਹੀਂ ਆਪ ਨੂੰ ਮਾਨਯੋਗ ਮੁੱਖ ਸਕੱਤਰ, ਪੰਜਾਬ ਸਰਕਾਰ ਦੇ ਅੱਧ ਸਰਕਾਰੀ ਪੱਤਰ ਨੰ: 15311 ਮਿਤੀ 6-7-2011(ਕਾਪੀ ਨੱਥੀ ਹੈ) ਰਾਹੀਂ ਜਾਰੀ ਕੀਤੀਆਂ ਗਈਆ ਹਦਾਇਤਾਂ ਦੀ ਕਾਪੀ ਲੋੜੀਂਦੀ ਕਾਰਵਾਈ ਲਈ ਭੇਜੀ ਗਈ ਸੀ। ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਇਨ੍ਹਾਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਇਸ ਲਈ ਆਪ ਨੂੰ ਮੁੜ ਬੇਨਤੀ ਕੀਤੀ ਜਾਂਦੀ ਹੈ ਕਿ ਆਪਦੇ ਅਧੀਨ ਆਉਂਦੀਆਂ ਸ਼ਹਿਰੀ ਸਥਾਨਕ ਸੰਸਥਾਂ ਦੇ ਪ੍ਰਧਾਨਾਂ/ਕਾਰਜ ਸਾਧਕ ਅਫਸਰਾਂ ਤੋਂ ਇਨ੍ਹਾਂ ਹਦਾਇਤਾਂ ਦੀ ਤਰੁੰਤ ਪਾਲਣਾ ਨੂੰ ਯਕੀਨੀ ਬਣਾਇਆ ਜਾਵੇ ਜੀ।

ਸੁਪਰਡੰਟ

ਨੱਥੀ/ਉਕਤ ਅਨੁਸਾਰ।

ਦਫ਼ਤਰ ਡਿਪਟੀ ਡਾਇਰੈਕਟਰ ਸਥਾਨਕ ਸਰਕਾਰ ਲੋਕਲ ਬਾਡੀਜ਼, ਪਟਿਆਲਾ।

ਪਿੱਠ ਅੰਕਣ ਨੰਬਰ:-ਪ.ਡ.ਸ.ਸ-12/10012-50 ਮਿਤੀ: 30/7/12

ਇਕ ਕਾਪੀ ਕਾਰਜ ਸਾਧਕ ਅਫਸਰ/ਪ੍ਰਧਾਨ ਨਗਰ ਕੌਂਸਲਾਂ/ਨਗਰ ਪੰਚਾਇਤਾਂ/ਨਗਰ ਸੁਧਾਰ ਟਰੱਸਟਾਂ ਪਟਿਆਲਾ ਰੀਜਨ ਨੂੰ ਇਸ ਦਫਤਰ ਦੇ ਪਿੱਠ ਅੰਕਣ ਨੰਬਰ ਪ.ਡ.ਸ.ਸ-11/14282-14320 ਮਿਤੀ 16/9/11 ਦੀ ਲਗਾਤਾਰਤਾ ਵਿਚ ਭੇਜ ਕੇ ਹਦਾਇਤ ਕੀਤੀ ਜਾਂਦੀ ਹੈ ਕਿ ਪੱਤਰ ਵਿਚ ਦਿੱਤੀਆਂ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕਰਦੇ ਲੋੜੀਂਦੀ ਕਾਰਵਾਈ ਅਮਲ ਵਿਚ ਲਿਆਂਦੀ ਜਾਵੇ।

Chief Eng.(d)(i) 0172272893 P.

ਐਸ.ਸੀ.ਓ. ਨੰ. 131-132 ਸੈਕਟਰ-17 ਸੀ ਚੰਡੀਗੜ੍ਹ

ਅ.ਸ.ਪੱ.ਨੰ:ਪ੍ਰ.ਸ/ਕਿ.ਕ/


Agrawal
ਸ੍ਰੀ. ਅਗਰਵਾਲ

**Chief Secretary to Govt. of Punjab**
Chandigarh - 160 001

**ਮੁੱਖ ਸਕੱਤਰ, ਪੰਜਾਬ ਸਰਕਾਰ**
ਚੰਡੀਗੜ੍ਹ - 160 001

Phone/ਫੋਨ : 0172-2740156, 2740860
Fax/ਫੈਕਸ : 2742488
E mail : cs@punjab.gov.in


ਮਿਤੀ, ਚੰਡੀਗੜ੍ਹ:

ਵਿਸ਼ਾ:- ਠੇਕੇ ਉਤੇ ਕੰਮ ਕਰਨ ਵਾਲੇ ਕਿਰਤੀਆਂ/ਕਰਮਚਾਰੀਆਂ ਨੂੰ ਕਾਨੂੰਨ ਅਨੁਸਾਰ ਪੂਰੀਆਂ ਸਹੂਲਤਾਂ ਦੇਣ ਬਾਰੇ।

ਪਿਆਰੇ ਪ੍ਰਬੰਧਕੀ ਸਕੱਤਰ,

ਉਪਰੋਕਤ ਵਿਸ਼ੇ ਦੇ ਸਬੰਧ ਵਿੱਚ ਮੇਰੇ ਧਿਆਨ ਵਿੱਚ ਇਹ ਗੱਲ ਆਈ ਹੈ ਕਿ ਸਰਕਾਰੀ ਦਫਤਰਾਂ
ਵਿੱਚ ਠੇਕੇ ਤੇ ਕੰਮ ਕਰਵਾਉਣ ਵੇਲੇ ਜੋ ਕੁਟੇਸ਼ਨਾਂ ਮੰਗੀਆਂ ਜਾਂਦੀਆਂ ਹਨ, ਉਨ੍ਹਾਂ ਵਿੱਚ ਆਮ ਤੌਰ ਤੇ ਉਸ
ਠੇਕੇਦਾਰ ਨੂੰ ਤਰਜੀਹ ਦਿੱਤੀ ਜਾਂਦੀ ਹੈ ਜਿਸ ਨੇ ਸਭ ਤੋਂ ਘੱਟ ਰੇਟ ਭਰੇ ਹੁੰਦੇ ਹਨ, ਪਰ ਇਸ ਗੱਲ ਵੱਲ
ਧਿਆਨ ਨਹੀਂ ਦਿੱਤਾ ਜਾਂਦਾ ਕਿ ਉਸ ਰੇਟ ਤੇ ਠੇਕੇਦਾਰ ਵੱਲੋਂ ਕਿਰਤੀਆਂ/ਕਰਮਚਾਰੀਆਂ ਨੂੰ ਕਿਰਤ ਕਾਨੂੰਨ
ਅਨੁਸਾਰ ਉਨ੍ਹਾਂ ਦੀ ਘੱਟੋ ਘੱਟ ਉਜ਼ਰਤ ਅਤੇ ਹੋਰ ਕਾਨੂੰਨੀ ਲਾਭ ਜਿਵੇਂ ਕਿ ਪ੍ਰੋਵੀਡੈਂਟ ਫੰਡ ਅਤੇ
ਈ.ਐਸ.ਆਈ. ਦੀ ਸਹੂਲਤ ਵੀ ਦਿੱਤੀ ਜਾਣੀ ਹੁੰਦੀ ਹੈ। ਨਜ਼ੀਜੇ ਵਜੋਂ ਸਰਵਿਸ ਪ੍ਰੋਵਾਈਡਰ ਨਾਲ ਘੱਟ ਰੇਟ
ਤੇ ਇਕਰਾਰ ਹੋਣ ਕਾਰਣ ਉਹ ਕਿਰਤੀਆਂ ਦਾ ਨਾ ਤਾਂ ਪ੍ਰੋਵੀਡੈਂਟ ਫੰਡ ਅਤੇ ਨਾ ਈ.ਐਸ.ਆਈ. ਅੰਸ਼ਦਾਨ
ਸਬੰਧਤ ਵਿਭਾਗਾਂ ਪਾਸ ਜਮ੍ਹਾਂ ਕਰਾਉਂਦਾ ਹੈ, ਜਿਸ ਨਾਲ ਕਿਰਤੀਆਂ ਨੂੰ ਇਨ੍ਹਾਂ ਕਿਰਤ ਕਾਨੂੰਨਾਂ ਦਾ ਲਾਭ ਨਹੀਂ
ਮਿਲਦਾ। ਬਹੁਤ ਵਾਰੀ ਤਾਂ ਠੇਕੇਦਾਰ ਕਿਰਤੀਆਂ ਨੂੰ ਸਰਕਾਰ ਵੱਲੋਂ ਨਿਰਧਾਰਤ ਪੂਰੀ ਉਜਰਤ ਵੀ ਨਹੀਂ ਦਿੰਦਾ
ਤੇ ਨਾ ਹੀ ਉਹ ਕਿਰਤੀਆਂ ਦਾ ਬਣਦਾ ਬੋਨਸ, ਗਰੈਚੂਟੀ, ਮੈਟਰਨਿਟੀ ਲੀਵ ਤੇ ਹੋਰ ਛੁੱਟੀਆਂ ਆਦਿ ਦਿੰਦਾ
ਹੈ। ਇਸ ਤਰ੍ਹਾਂ ਉਸ ਵੱਲੋਂ ਕਿਰਤੀਆਂ ਦਾ ਸੋਸ਼ਣ ਕਰਕੇ ਕਿਰਤ ਕਾਨੂੰਨਾਂ ਦੀ ਘੋਰ ਉਲੰਘਣਾ ਕੀਤੀ ਜਾਂਦੀ ਹੈ।

2. ਵੱਖ ਵੱਖ ਕਿਰਤ ਕਾਨੂੰਨਾਂ ਅਧੀਨ ਕਿਰਤੀਆਂ ਨੂੰ ਜੋ ਲਾਭ ਉਨ੍ਹਾਂ ਦੀ ਪਾਤਰਤਾ ਅਨੁਸਾਰ ਮਿਲਣੇ ਹਨ,
ਬਾਰੇ ਅਨੁਲੱਗ ਵਿੱਚ ਦਰਸਾਇਆ ਗਿਆ ਹੈ। ਠੇਕੇਦਾਰ ਨਾਲ ਰੇਟ ਤਹਿ ਕਰਦੇ ਸਮੇਂ ਇਨ੍ਹਾਂ ਕਿਰਤ ਕਾਨੂੰਨਾਂ
ਨੂੰ ਧਿਆਨ ਵਿੱਚ ਰੱਖ ਲਿਆ ਜਾਵੇ। ਠੇਕੇ ਤੇ ਕੰਮ ਕਰਾਉਣ ਕਰਕੇ ਵਿਭਾਗਾਂ ਤੇ ਕੰਟਰੈਕਟ ਲੇਬਰ ਐਕਟ,
1970 ਲਾਗੂ ਹੋ ਜਾਂਦਾ ਹੈ। ਜੇਕਰ 20 ਜਾਂ 20 ਤੋਂ ਵੱਧ ਕਰਮਚਾਰੀ ਠੇਕੇਦਾਰ ਰਾਹੀਂ ਕੰਮ ਤੇ ਲਗਾਏ ਗਏ
ਹੋਣ ਤਾਂ ਵਿਭਾਗ ਦੀ ਬਤੌਰ ਪ੍ਰਿੰਸੀਪਲ ਇੰਪਲਾਇਰ ਜ਼ੁੰਮੇਵਾਰੀ ਬਣ ਜਾਂਦੀ ਹੈ ਕਿ ਉਹ ਠੇਕੇਦਾਰ ਪਾਸੋਂ
ਕਿਰਤੀਆਂ ਨੂੰ ਕਿਰਤ ਕਾਨੂੰਨਾਂ ਅਧੀਨ ਬਣਦੇ ਲਾਭ ਦਿਵਾਉਣਾ ਸੁਨਿਸ਼ਚਿਤ ਕਰੇ, ਕਿਉਂਜੋ ਠੇਕੇਦਾਰ ਵੱਲੋਂ ਇਹ
ਲਾਭ ਨਾ ਦੇਣ ਤੇ ਸਬੰਧਤ ਵਿਭਾਗ ਨੂੰ ਦੇਣੇ ਪੈ ਸਕਦੇ ਹਨ।

3. ਉਪਰੋਕਤ ਤੱਥਾਂ ਨੂੰ ਮੁੱਖ ਰੱਖਦੇ ਹੋਏ ਭਵਿੱਖ ਵਿੱਚ ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਜਿਸ
ਠੇਕੇਦਾਰ ਵੱਲੋਂ ਕਿਰਤ ਕਾਨੂੰਨ ਅਨੁਸਾਰ ਕਿਰਤੀਆਂ ਨੂੰ ਦਿੱਤੇ ਜਾਣ ਵਾਲੇ ਲਾਭਾਂ ਨੂੰ ਧਿਆਨ ਵਿੱਚ ਨਾ ਰੱਖ ਕੇ
ਘੱਟ ਰੇਟ ਭਰੇ ਜਾਂਦੇ, ਉਸ ਦੀ ਕੁਟੇਸ਼ਨ ਮੌਕੇ ਤੇ ਹੀ ਰੱਦ ਕਰ ਦਿੱਤੀ ਜਾਵੇ ਅਤੇ ਜੋ ਠੇਕੇਦਾਰ ਕਾਨੂੰਨ ਅਨੁਸਾਰ
ਕਿਰਤੀਆਂ/ਕਰਮਚਾਰੀਆਂ ਨੂੰ ਸਾਰੇ ਲਾਭ ਦੇ ਸਕਦਾ ਹੈ, ਉਸ ਨਾਲ ਹੀ ਰੇਟ ਫਾਈਨਲ ਕੀਤਾ ਜਾਵੇ।

ਆਦਰ ਸਹਿਤ,

ਹਿਤੂ,

(ਐਸ. ਸੀ. ਅਗਰਵਾਲ)

ਸ੍ਰੀ ਐਸ. ਐਸ. ਰਾਜਪੂਤ, ਆਈ.ਏ.ਐਸ.
ਸਕੱਤਰ, ਪੰਜਾਬ ਸਰਕਾਰ,
ਸਥਾਨਕ ਸਰਕਾਰਾਂ ਵਿਭਾਗ, ਚੰਡੀਗੜ੍ਹ।

Chief Eng.(dig)

3

ਕਿਰਤ ਕਨੂੰਨਾਂ ਅਧੀਨ ਕਿਰਤੀਆਂ ਨੂੰ ਮਿਲਣ ਯੋਗ ਲਾਭ।

| | ਐਕਟ ਦਾ ਨਾਂ | ਮਿਲਣ ਵਾਲੇ ਲਾਭ | ਵਿਸ਼ੇਸ਼ ਕਥਨ |
|---|---|---|---|
| | ਈ ਪੀ ਐਫ, ਐਕਟ, 1952 ਐਡਮਿਨਸਟਰੇਟਿਵ ਚਾਰਜਿਜ਼, ਈ ਡੀ ਆਈ ਐਲ ਅਤੇ ਇੰਸਪੈਕਸ਼ਨ ਚਾਰਜ਼ਿਜ਼। | ਪ੍ਰਬੰਧਕਾਂ ਵੱਲੋਂ ਅੰਸ਼ਦਾਨ ਬੇਸਿਕ ਵੇਜ਼ ਦਾ 12% ਬਤੌਰ ਮਾਲਕ ਦਾ ਹਿੱਸਾ ਪ੍ਰੋਵੀਡੈਂਟ ਵਿਭਾਗ ਵਿਖੇ ਜਮ੍ਹਾਂ ਕਰਵਾਇਆ ਜਾਣਾ ਹੁੰਦਾ ਹੈ।<br>2 ਐਡਮਿਨਸਟ੍ਰੇਟਿਵ ਚਾਰਜਿਜ 1.61% ਹਨ। | ਈ ਪੀ ਐਫ ਐਕਟ, 1952 ਪ੍ਰਬੰਧਕਾਂ/ਠੇਕੇਦਾਰ ਕੋਲ 20 ਜਾਂ ਉਸਤੋਂ ਵੱਧ ਕਿਰਤੀ ਹੋਣ ਤੇ ਲਾਗੂ ਹੁੰਦਾ ਹੈ।<br>2. ਐਡਮਿਨਸਟ੍ਰੇਟਿਵ ਚਾਰਜਿਜ ਵੀ ਪ੍ਰੋਵੀਡੈਂਟ ਵਿਭਾਗ ਪਾਸ ਜਮ੍ਹਾਂ ਕਰਵਾਉਣਾ ਹੁੰਦਾ ਹੈ। |
| | ਈ . ਐਸ . ਆਈ . ਐਕਟ, 1948 | ਇਸ ਐਕਟ ਅਧੀਨ ਮਾਲਕ ਵੱਲੋਂ ਕਿਰਤੀ ਨੂੰ [illegible] 4.75% [illegible] ਅੰਸ਼ਦਾਨ ਦੀ ਰਕਮ ਮਾਲਕ ਵੱਲੋਂ ਈ ਐਸ ਆਈ ਵਿਭਾਗ ਪਾਸ ਜਮਾਂ ਕਰਵਾਉਣੀ ਹੁੰਦੀ ਹੈ। | ਇਹ ਐਕਟ 10 ਜਾਂ ਇਸ ਤੋਂ ਜਿਆਦਾ ਕਿਰਤੀ ਹੋਣ ਤੇ ਲਾਗੂ ਹੁੰਦਾ ਹੈ ਬਸ਼ਰਤੇ ਉਸ ਏਰੀਏ ਵਿੱਚ ਈ ਐਸ ਆਈ ਐਕਟ ਲਾਗੂ ਹੋਣ ਬਾਬਤ ਨੋਟੀਫਿਕੇਸ਼ਨ ਜਾਰੀ ਹੋਈ ਹੋਵੇ। |
| | ਪੇਮੈਂਟ ਆਫ ਬੋਨਸ ਐਕਟ, 1965 | ਜਿਨ੍ਹਾਂ ਕਿਰਤੀਆਂ ਨੇ ਸਾਲ ਵਿੱਚ ਘੱਟੋ-ਘੱਟ 30 ਦਿਨ ਕੰਮ ਕੀਤਾ ਹੁੰਦਾ ਹੈ, ਉਨ੍ਹਾਂ ਨੂੰ ਮਾਲਕਾਂ ਵੱਲੋਂ ਘੱਟੋ ਘੱਟ 8.33 % ਅਤੇ ਵੱਧ ਤੋਂ ਵੱਧ 20% ਬੋਨਸ ਦੇਣਾ ਹੁੰਦਾ ਹੈ। | ਇਹ ਐਕਟ 10 ਜਾਂ ਇਸਤੋਂ ਵੱਧ ਕਿਰਤੀ ਹੋਣ ਤੇ ਲਾਗੂ ਹੁੰਦਾ ਹੈ ਅਤੇ ਦਿੱਤੇ ਜਾਣ ਵਾਲੇ ਬੋਨਸ ਦੀ ਪ੍ਰਤੀਸ਼ਤ ਐਕਟ ਦੀ ਉਪ ਧਾਰਾ ਅਨੁਸਾਰ ਨਿਰਧਾਰਿਤ ਕੀਤੀ ਜਾਂਦੀ ਹੈ। |
| | ਪੇਮੈਂਟ ਆਫ ਗਰੈਚੂਟੀ ਐਕਟ, 1972 | ਕਿਰਤੀ ਨੂੰ ਹਰ ਮੁਕੰਮਲ ਸਾਲ ਪਿੱਛੇ 15 ਦਿਨ ਦੀ ਤਨਖਾਹ ਬਤੌਰ ਗਰੈਚੂਟੀ ਪ੍ਰਬੰਧਕਾਂ ਵੱਲੋਂ ਦਿੱਤੀ ਜਾਣੀ ਬਣਦੀ ਹੈ। | ਗਰੈਚੂਟੀ ਐਕਟ 10 ਜਾਂ ਇਸਤੋਂ ਵੱਧ ਕਿਰਤੀ ਹੋਣ ਤੇ ਲਗਦਾ ਹੈ। ਕਿਰਤੀ ਦਾ 5 ਸਾਲ ਦਾ ਸੇਵਾ ਕਾਲ ਪੂਰਾ ਹੋਣ ਦੀ ਸੂਰਤ ਵਿੱਚ ਉਸਨੂੰ ਗਰੈਚੂਟੀ ਮਿਲਣ ਯੋਗ ਹੈ ਪ੍ਰੰਤੂ ਮੌਤ ਹੋਣ ਦੀ ਸੂਰਤ ਵਿੱਚ ਉਕਤ ਸ਼ਰਤ ਲਾਗੂ ਨਹੀਂ ਹੁੰਦੀ ਅਤੇ ਜਿੰਨਾ ਸੇਵਾ ਕਾਲ ਕਿਰਤੀ ਨੇ ਪੂਰਾ ਕੀਤਾ ਹੁੰਦਾ ਹੈ, ਉਸਦੇ ਹਿਸਾਬ ਨਾਲ ਗਰੈਚੂਟੀ ਦੇਣੀ ਬਣਦੀ ਹੈ। |
| 5 | ਮਟੈਰਨਿਟੀ ਬੈਨਿਫਿੱਟ ਐਕਟ, 1961 | ਇਸ ਐਕਟ ਅਧੀਨ ਇਸਤਰੀ ਕਾਮਿਆਂ ਨੂੰ 12 ਹਫਤੇ ਦੀ ਛੁੱਟੀ ਤਨਖਾਹ ਸਮੇਤ ਅਤੇ ਮਟੈਰਨਿਟੀ ਬੈਨੀਫਿੱਟ ਬੋਨਸ 2500/-ਰੁਪਏ ਮਾਲਕ ਵੱਲੋਂ ਦੇਣੀ ਹੁੰਦੀ ਹੈ। | ਜਿਥੇ ਈ ਐਸ ਆਈ ਐਕਟ ਲਾਗੂ ਨਹੀਂ ਹੁੰਦਾ ਉਥੇ ਮਟੈਰਨਿਟੀ ਬੈਨਿਫਿੱਟ ਐਕਟ ਲਾਗੂ ਹੁੰਦਾ ਹੈ। |
| 6 | ਸਰਵਿਸ ਟੈਕਸ | ਸਰਕਾਰ ਵੱਲੋਂ ਜੋ ਵੀ ਸਮੇਂ ਸਮੇਂ ਤੇ ਸਰਵਿਸ ਟੈਕਸ ਨਿਰਧਾਰਿਤ ਕੀਤਾ ਜਾਂਦਾ ਹੈ। ਉਹ ਅਦਾ ਕਰਨ ਯੋਗ ਹੈ। ਮੌਜੂਦਾ ਸਮੇਂ ਇਹ ਟੈਕਸ 10.3% ਹੈ। | ਸਰਵਿਸ ਟੈਕਸ ਦੀ ਕਟੌਤੀ ਠੇਕੇਦਾਰ ਦੇ ਬਿੱਲ ਵਿੱਚੋਂ ਕੱਟਕੇ ਸਰਕਾਰ ਪਾਸ ਜਮਾਂ ਕਰਵਾਈ ਜਾਂਦੀ ਹੈ। |
| 7 | ਸਰਵਿਸ ਚਾਰਜ਼ਿਜ | ਜੋ ਸਰਵਿਸ ਪ੍ਰਵਾਈਡਰ ਨਾਲ ਤਹਿ ਕੀਤੇ ਗਏ ਹੋਣ। | ਸਰਵਿਸ ਚਾਰਜਿਜ਼ ਵਿਭਾਗ ਅਤੇ ਠੇਕੇਦਾਰ ਵਿਚਕਾਰ ਇਕਰਾਰਨਾਮੇ ਰਾਂਹੀ ਤਹਿ ਕੀਤੇ ਜਾਂਦੇ ਹਨ। |

Chief Eng. (dl.)

DMLG ......

D.O. Receipt 07/09/11

Supdt. ......

Asstt./Insp. ......

ਪੰਜਾਬ ਸਰਕਾਰ
ਸਥਾਨਕ ਸਰਕਾਰ ਵਿਭਾਗ
(ਸਥਾਨਕ ਸਰਕਾਰ-4 ਸਾਖਾ)

ਪਿੱਠਅੰਕਣ ਨੰ:1/12/11-2.ਸ.ਸ.4/ 2157 ਮਿਤੀ,ਚੰਡੀਗੜ੍ਹ:- 11/8/2011

ਇਕ ਉਤਾਰਾ ਹੇਠ-ਲਿਖਿਆਂ ਨੂੰ ਯੋਗ ਕਾਰਵਾਈ ਲਈ ਭੇਜਿਆ ਜਾਂਦਾ ਹੈ:-

1. ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।
2. ਕਮਿਸ਼ਨਰ, ਨਗਰ ਨਿਗਮ, ਲੁਧਿਆਣਾ, ਅੰਮ੍ਰਿਤਸਰ,ਜਲੰਧਰ, ਪਟਿਆਲਾ, ਬਠਿੰਡਾ ਅਤੇ ਮੋਹਾਲੀ।
3. ਰਿਜਨਲ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਲੁਧਿਆਣਾ,ਅੰਮ੍ਰਿਤਸਰ,ਜਲੰਧਰ, ਪਟਿਆਲਾ, ਬਠਿੰਡਾ ਅਤੇ ਮੋਹਾਲੀ।

ਸੁਪਰਡੰਟ

ਦਫਤਰ ਡਿਪਟੀ ਡਾਇਰੈਕਟਰ, ਸਥਾਨਕ ਸਰਕਾਰ, ਪਟਿਆਲਾ।

ਪਿੱਠਅੰਕਣ ਨੰ: ਪ.ਡ.ਡ.ਸ.ਸ-II/ 14282-14320 ਮਿਤੀ: 16/9/11

[illegible]

ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ, ਪਟਿਆਲਾ

-32-

ਡਾਇਰੈਕਟੋਰੇਟ ਸਥਾਨਕ ਸਰਕਾਰ ਪੰਜਾਬ ਚੰਡੀਗੜ੍ਹ
( ਜਨਰਲ ਸਾਖਾ)

ਵਾ ਵਿਖੇ

1) ਸਮੂਹ ਕਮਿਸਨਰ, ਨਗਰ ਨਿਗਮ ;
2) ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ ;
3) ਸਮੂਹ ਕਾਰਜ ਸਾਧਕ ਅਫਸਰ,
ਨਗਰ ਕੌਸਲਾਂ/ਨਗਰ ਪੰਚਾਇਤਾਂ (ਪੰਜਾਬ ਰਾਜ ਵਿੱਚ )

ਯਾਦ ਪੱਤਰ ਨੰ:ਸ2-ਜਬ-ਡਸਸ-12/ 29669-815
ਮਿਤੀ 7/8/12

ਵਿਸ਼ਾ:- ਜਨਮ ਅਤੇ ਮੌਤ ਰਜਿਸਟਰੇਸਨ ਦੀ ਪ੍ਰਣਾਲੀ ਵਿੱਚ ਸੁਧਾਰ ਸਬੰਧੀ ।

************

ਵਿਸੇ ਸਬੰਧੀ ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ-ਕਮ-ਚੀਫ ਰਜਿਸਟਰਾਰ ਜਨਮ ਅਤੇ ਮੌਤ, ਪੰਜਾਬ ਦੀ ਪ੍ਰਧਾਨਗੀ ਹੇਠ ਮਿਤੀ 27-7-2012 ਨੂੰ ਹੋਈ ਮੀਟਿੰਗ ਵਿੱਚ ਇਸ ਵਿਭਾਗ ਨਾਲ ਸਬੰਧਤ ਹੇਠ ਲਿਖੇ ਅਨੁਸਾਰ ਮਸਲੇ ਵਿਚਾਰੇ ਗਏ :-

(1) ਕਈ ਨਗਰ ਨਿਗਮਾਂ/ ਨਗਰ ਕੌਸਲਾਂ/ਨਗਰ ਪੰਚਾਇਤਾਂ ਵੱਲੋਂ ਆਪਣੇ ਪੱਧਰ ਤੇ ਜਨਮ ਅਤੇ ਮੌਤ ਦੇ ਸਰਟੀਫਿਕੇਟ ਛਪਵਾ ਕੇ ਜਾਰੀ ਕੀਤੇ ਜਾ ਰਹੇ ਹਨ, ਜਦੋਂ ਕਿ ਡਾਇਰੈਕਟਰ, ਸਿਹਤ ਸੇਵਾਵਾਂ ਵੱਲੋਂ ਲੋੜੀਂਦੇ ਸਰਟੀਫਿਕੇਟ ਨਿਰਧਾਰਤ ਪ੍ਰੋਫਾਰਮੇ ਵਿੱਚ ਤਿਆਰ ਕਰਕੇ ਭੇਜੇ ਜਾਂਦੇ ਹਨ ਜਿਨ੍ਹਾਂ ਵਿੱਚ ਰਾਸਟਰੀ ਚਿੰਨ ਉਕਰਿਆ ਹੁੰਦਾ ਹੈ । ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਜਾਰੀ ਕੀਤੇ ਜਾਣ ਵਾਲੇ ਸਰਟੀਫਿਕੇਟਾਂ ਵਿੱਚ ਰਾਜ ਸਰਕਾਰ ਜਾਂ ਨਗਰ ਨਿਗਮ ਦਾ ਚਿੰਨ ( ਲੋਗੋ ) ਉਕਰਿਆ ਹੁੰਦਾ ਹੈ ਜੋ ਕਿ ਠੀਕ ਨਹੀ ਹੈ । ਵਿਦੇਸ ਜਾਣ ਸਮੇ ਭਾਰਤ ਸਰਕਾਰ ਦਾ ਚਿੰਨ੍ਹ ਪਹਿਚਾਣਿਆ ਜਾਂਦਾ ਹੈ ਅਤੇ ਲੋਕਲ ਅਥਾਰਟੀ ਵੱਲੋਂ ਆਪਣੇ ਪੱਧਰ ਤੇ ਜਾਰੀ ਕੀਤੇ ਸਰਟੀਫਿਕੇਟਾਂ ਸਬੰਧੀ ਕਈ ਔਕੜਾਂ ਦਾ ਸਾਹਮਣਾ ਕਰਨਾ ਪੈਂਦਾ ਹੈ । ਇਸ ਲਈ ਸਹਿਰੀ ਸਥਾਨਕ ਸੰਸਥਾਵਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਡਾਇਰੈਕਟਰ, ਸਿਹਤ ਸੇਵਾਵਾਂ ਵੱਲੋਂ ਨਿਰਧਾਰਤ ਪ੍ਰੋਫਾਰਮੇ ਵਿੱਚ ਜਨਮ ਅਤੇ ਮੌਤ ਦੇ ਸਰਟੀਫਿਕੇਟ ਹੀ ਜਾਰੀ ਕੀਤੇ ਜਾਣ ।

(2) ਜਨਮ ਅਤੇ ਮੌਤ ਸਬੰਧੀ ਰਜਿਸਟਰੇਸਨ/ਸਰਟੀਫਿਕੇਟ ਜਾਰੀ ਕਰਨ ਲਈ ਜੋ ਫੀਸ ਲਈ ਜਾਂਦੀ ਹੈ ਉਹ ਸਰਕਾਰ ਦੇ ਖਾਤੇ ਵਿੱਚ ਜਮਾਂ ਕਰਵਾਉਣੀ ਹੁੰਦੀ ਹੈ । ਪ੍ਰੰਤੂ ਸਿਹਤ ਵਿਭਾਗ ਦੇ ਨੋਟਿਸ ਵਿੱਚ ਆਇਆ ਹੈ ਕਿ ਕਈ ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਉਕਤ ਅਨੁਸਾਰ ਕਾਰਵਾਈ ਨਹੀ ਕੀਤੀ ਜਾ ਰਹੀ । ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਜਨਮ ਅਤੇ ਮੌਤ ਸਰਟੀਫਿਕੇਟ ਲਈ ਜੋ ਫੀਸ ਲਈ ਜਾਂਦੀ ਹੈ ਉਹ ਸਰਕਾਰ ਦੇ ਖਾਤੇ ਵਿੱਚ ਹੀ ਜਮ੍ਹਾਂ ਕਰਵਾਈ ਜਾਵੇ ।

(3) ਕਈ ਸਹਿਰੀ ਸਥਾਨਕ ਸੰਸਥਾਵਾਂ ਵੱਲੋ ਆਪਣੇ ਪੱਧਰ ਤੇ ਜਨਮ ਅਤੇ ਮੌਤ ਰਜਿਸਟਰੇਸਨ /ਸਬ-ਰਜਿਸਟਰਾਰ ਡਿਕਲੇਅਰ ਕੀਤੇ ਗਏ ਹਨ ਜੋ ਕਿ ਕਾਨੂੰਨ ਅਨੁਸਾਰ ਠੀਕ ਨਹੀਂ ਹਨ । ਇਸ ਸਬੰਧੀ ਪ੍ਰਵਾਨਗੀ ਡਾਇਰੈਕਟਰ ਸਿਹਤ ਸੇਵਾਵਾਂ ਤੋਂ ਲੈਣੀ ਬਣਦੀ ਹੈ । ਇਸ ਲਈ ਹਦਾਇਤ ਕੀਤੀ ਜਾਂਦੀ ਹੈ ਕਿ ਅਜਿਹੇ ਸਾਰੇ ਕੇਸਾਂ ਵਿੱਚ ਡਾਇਰੈਕਟਰ ਸਿਹਤ ਸੇਵਾਵਾਂ ਤੋਂ ਪ੍ਰਵਾਨਗੀ ਹਾਸਲ ਕੀਤੀ ਜਾਵੇ ।

(4) ਲੁਧਿਆਣਾ ਨਗਰ ਨਿਗਮ ਦੇ ਮਾਮਲੇ ਵਿੱਚ ਇਹ ਧਿਆਨ ਵਿੱਚ ਆਇਆ ਹੈ ਕਿ ਉਥੇ ਨਗਰ ਨਿਗਮ ਦੀ ਪੱਧਰ ਤੇ ਕਈ ਅਧਿਕਾਰੀਆਂ ਨੂੰ ਰਜਿਸਟਰਾਰ,ਜਨਮ ਅਤੇ ਮੌਤ ਡਿਕਲੇਅਰ ਕੀਤਾ ਹੋਇਆ ਹੈ । ਕਾਨੂੰਨ ਅਨੁਸਾਰ ਇੱਕ ਸਹਿਰ ਵਿੱਚ ਕੇਵਲ ਇੱਕ ਰਜਿਸਟਰਾਰ ਨਿਯੁਕਤ ਕੀਤਾ ਜਾ ਸਕਦਾ ਹੈ ਅਤੇ ਇਸ ਤੋਂ ਇਲਾਵਾ ਉੱਥੇ ਇੱਕ ਤੋਂ ਵੱਧ ਸਬ-ਰਜਿਸਟਰਾਰ,ਜਨਮ ਅਤੇ ਮੌਤ ਕੇਵਲ ਚੀਫ ਰਜਿਸਟਰਾਰ,ਜਨਮ ਅਤੇ ਮੌਤ ( ਡਾਇਰੈਕਟਰ, ਸਿਹਤ ਤੇ ਪਰਿਵਾਰ ਭਲਾਈ ) ਦੀ ਪ੍ਰਵਾਨਗੀ ਨਾਲ ਲਗਾਏ ਜਾ ਸਕਦੇ ਹਨ । ਇਸ ਸਬੰਧ ਵਿੱਚ ਸਰਕਾਰ ਦੀਆਂ ਹਦਾਇਤਾਂ ਅਨੁਸਾਰ ਕਾਰਵਾਈ ਕਰਨਾ ਯਕੀਨੀ ਬਣਾਇਆ ਜਾਵੇ ਅਤੇ ਪਾਲਣਾ ਕਰਨ ਉਪਰੰਤ ਸਰਕਾਰ ਨੂੰ ਸੂਚਿਤ ਕੀਤਾ ਜਾਵੇ ।

(5) ਜਨਮ, ਮੌਤ ਅਤੇ ਮੁਰਦਾ ਜਨਮ ( Birth, Death and Still Birth ) ਦੀ ਰਜਿਸਟਰੇਸਨ ਸਬੰਧੀ ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਜਨਤਾ ਨੂੰ ਜਾਗਰੂਕ ਕਰਨ ਲਈ ਕਦਮ ਉਠਾਏ ਜਾਣ ਦੀ ਲੋੜ ਹੈ ।

ਰਜਿਸਟਰਾਰ ਦੇ ਦਫਤਰ ਦੇ ਬਾਹਰ ਅਤੇ ਹੋਰ ਪਬਲਿਕ ਥਾਵਾਂ ਤੇ ਜਨਮ ਅਤੇ ਮੌਤ ਰਜਿਸਟਰ ਕਰਵਾਉਣ ਸਬੰਧੀ ਮਹੱਤਤਾ/ਲੋੜ ਬਾਰੇ ਜਾਣਕਾਰੀ ਦਿੰਦੇ ਬੋਰਡ ਆਦਿ ਲਗਾਉਣੇ ਚਾਹੀਦੇ ਹਨ ।

(6) ਰਾਜ ਸਰਕਾਰ ਵੱਲੋਂ ਇਹ ਫੈਸਲਾ ਲਿਆ ਗਿਆ ਸੀ ਕਿ ਜਿਹਨਾਂ ਬੱਚਿਆਂ ਦੇ ਜਨਮ ਇੰਦਰਾਜਾਂ ਵਿੱਚ ਬੱਚਿਆਂ ਦੇ ਨਾਮ ਕਿਸੇ ਵੀ ਕਾਰਨ ਦਰਜ ਹੋਣ ਤੋਂ ਰਹਿ ਗਏ ਹਨ ਅਤੇ ਇਹਨਾਂ ਬੱਚਿਆਂ ਦੇ ਨਾਮ ਮੌਜੂਦਾ ਰਾਜ ਨਿਯਮ 10 ਅਧੀਨ ਦਰਜ ਕੀਤਾ ਜਾਣਾ ਸੰਭਵ ਨਾ ਹੋਵੇ ਤਾਂ ਅਜਿਹੇ ਕੇਸਾਂ ਵਿੱਚ ਬੱਚੇ ਦੇ ਮਾਪੇ ਜਾਂ ਸਰਪ੍ਰਸਤ ਜਨਮ ਇੰਦਰਾਜ ਵਿੱਚ ਬੱਚੇ ਦਾ ਨਾਮ 1.1.2011 ਤੋਂ 31-12-2012 ਤੱਕ ਉਸੇ ਤਰ੍ਹਾਂ ਦਰਜ ਕਰਵਾ ਸਕਣਗੇ ਜਿਸ ਤਰ੍ਹਾਂ ਰਾਜ ਨਿਯਮ 10 ਅਧੀਨ ਕਰਵਾਇਆ ਜਾਂਦਾ ਹੈ । ਇਸ ਸਬੰਧ ਵਿੱਚ ਵੀ ਜਨਤਾ ਨੂੰ ਜਾਗਰੂਕ ਕਰਵਾਉਣ ਦੀ ਲੋੜ ਹੈ ।

(7) ਬੱਚਿਆਂ ਦੇ ਜਨਮ ਸਮੇ ਸਰਟੀਫਿਕੇਟ ਵਿੱਚ ਉਸਦਾ ਨਾਮ ਨਹੀ ਲਿਖਿਆ ਹੁੰਦਾ ਕੇਵਲ ਮੇਲ ਜਾਂ ਫੀਮੇਲ ਹੋਣ ਬਾਰੇ ਹੀ ਲਿਖਿਆ ਹੁੰਦਾ ਹੈ । ਸਰਟੀਫਿਕੇਟਾਂ ਵਿੱਚ ਬੱਚੇ ਦਾ ਨਾਮ ਛੇਤੀ ਤੋਂ ਛੇਤੀ ਦਰਜ ਹੋਣਾ ਚਾਹੀਦਾ ਹੈ । ਇਹ ਸੁਝਾਅ ਦਿੱਤਾ ਗਿਆ ਹੈ ਕਿ ਬੱਚੇ ਦੇ ਸਕੂਲ ਵਿੱਚ ਦਾਖਲੇ ਸਮੇ ਸਰਟੀਫਿਕੇਟ ਜਾਰੀ ਕਰਨ ਤੋਂ ਪਹਿਲਾਂ ਉਸਦੇ ਨਾਮ ਦਾ ਇੰਦਰਾਜ ਕਰ ਲਿਆ ਜਾਵੇ ।

(8) ਜਨਮ ਅਤੇ ਮੌਤ ਸਬੰਧੀ ਸਾਰਾ ਰਿਕਾਰਡ ਕੰਪਿਊਟਰਾਈਜਡ ਕਰਵਾਉਣ ਦੇ ਉਪਰਾਲੇ ਕੀਤੇ ਜਾਣ ।

2. ਆਪ ਨੂੰ ਉਪਰੋਕਤ ਅਨੁਸਾਰ ਕਾਰਵਾਈ ਕਰਨ ਲਈ ਬੇਨਤੀ ਕੀਤੀ ਜਾਂਦੀ ਹੈ ।

ਸਿਰਠ ਸਿੰਘ
ਸੁਪਰਡੰਟ

12

ਡਾਇਰੈਕਟੋਰੇਟ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।

(ਜਨਰਲ ਸਾਖਾ)

ਸੇਵਾ ਵਿਖੇ,

1.) ਸਮੂਹ ਕਮਿਸਨਰ, ਨਗਰ ਨਿਗਮ,
2.) ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ
(ਪੰਜਾਬ ਰਾਜ ਵਿਚ)

ਯਾਦ ਪੱਤਰ ਨੰ: ਸ1-ਜਬ-ਡਸਸ-2012/ 44418-44432
ਮਿਤੀ:- 29/11/2012

ਵਿਸਾ:- ਸਥਾਨਕ ਸੰਸਥਾਵਾਂ ਦੇ ਕਰਮਚਾਰੀਆਂ ਦੀ ਜੀ.ਪੀ.ਐਫ. ਦੀ ਕਟੋਤੀ ਸਮੇ ਸਿਰ ਜਮ੍ਹਾਂ ਕਰਵਾਉਣ ਬਾਰੇ।

*******

ਉਪਰੋਕਤ ਵਿਸੇ ਦੇ ਸਬੰਧ ਵਿਚ ਇਸ ਦਫਤਰ ਦੇ ਪੱਤਰ ਸ1-ਜਬ-ਡਸਸ-2012/12394-404 ਮਿਤੀ 14-5-2012(ਕਾਪੀ ਨੱਥੀ ਹੈ) ਰਾਹੀਂ ਸਹਿਰੀ ਸਥਾਨਕ ਸੰਸਥਾਵਾਂ ਵਿਖੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਤਨਖਾਹਾਂ ਵਿਚੋ ਜੀ.ਪੀ.ਐਫ. ਅਤੇ ਹੋਰ ਕੀਤੀਆਂ ਗਈਆਂ ਕਟੋਤੀਆਂ ਸਬੰਧਤ ਸਥਾਨਕ ਸੰਸਥਾਵਾਂ ਵਲੋ ਕਰਮਚਾਰੀਆਂ ਦੇ ਖਾਤਿਆਂ ਵਿਚ ਸਮੇ ਸਿਰ ਜਮ੍ਹਾਂ ਕਰਵਾਉਣ ਸਬੰਧੀ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ। ਮਿਉਸਪਲ ਵਰਕਸ ਯੂਨੀਅਨ ਅਤੇ ਸਫਾਈ ਸੇਵਕ ਯੂਨੀਅਨ, ਬ੍ਰਾਂਚ ਮਾਨਸਾ ਦੇ ਨੁਮਾਇੰਦਿਆਂ ਨਾਲ ਮਿਤੀ 16-11-2011 ਨੂੰ ਹੋਈ ਮੀਟਿੰਗ ਦੋਰਾਨ ਉਨ੍ਹਾਂ ਵਲੋ ਧਿਆਨ ਵਿਚ ਲਿਆਂਦਾ ਗਿਆ ਕਿ ਸਹਿਰੀ ਸਥਾਨਕ ਸੰਸਥਾਵਾਂ ਵਲੋ ਉਕਤ ਪੱਤਰ ਵਿਚ ਜਾਰੀ ਕੀਤੀਆਂ ਗਈਆਂ ਹਦਾਇਤਾਂ ਦੀ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਇਸ ਲਈ ਆਪ ਮੁੜ ਲਿਖਿਆ ਜਾਂਦਾ ਹੈ.ਕਿ ਪੱਤਰ ਨੰ: ਸ1-ਜਬ-ਡਸਸ-2012/12394-404 ਮਿਤੀ 14-5-2012 ਵਿਚ ਦਰਜ ਹਦਾਇਤਾਂ ਦੀ ਪਲਾਣਾ ਨੂੰ ਯਕੀਨੀ ਬਣਾਇਆ ਜਾਵੇ ਜੀ।

ਸੁਪਰਡੰਟ

ਨੱਥੀ/ਉਕਤ ਅਨੁਸਾਰ।

PUNJAB AT CHANDIGARH

11

ਡਾਇਰੈਕਟੋਰੇਟ, ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ।

(ਜਨਰਲ ਸਾਖਾ)

ਸੇਵਾ ਵਿਖੇ,

1) ਸਮੂਹ ਕਮਿਸਨਰ, ਨਗਰ ਨਿਗਮ,
2) ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ
(ਪੰਜਾਬ ਰਾਜ ਵਿਚ)

ਯਾਦ ਪੱਤਰ ਨੰ: ਸ1-ਜਬ-ਡਸਸ-2012/12394-404
ਮਿਤੀ:- 14-05-12

ਵਿਸ਼ਾ:- ਸਥਾਨਕ ਸੰਸਥਾਵਾਂ ਦੇ ਕਰਮਚਾਰੀਆਂ ਦੀ ਸੀ.ਪੀ.ਐਫ. ਦੀ ਕਟੌਤੀ ਸਮੇ ਸਿਰ ਜਮ੍ਹਾਂ ਕਰਵਾਉਣ ਬਾਰੇ।

******

ਉਪਰੋਕਤ ਵਿਸੇ ਦੇ ਸਬੰਧ ਵਿਚ ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਸਥਾਨਕ ਸੰਸਥਾਵਾਂ ਵਿਖੇ ਕੰਮ ਕਰ ਰਹੇ ਕਰਮਚਾਰੀਆਂ ਦੀਆਂ ਜੀ.ਪੀ.ਐਫ. ਦੀਆਂ ਕਟੌਤੀਆਂ ਰੂਲਾਂ ਅਨੁਸਾਰ ਤਨਖਾਹਾਂ ਵਿਚੋ ਕਰਨ ਦੇ ਬਾਵਜੂਦ ਵੀ ਸਬੰਧਤ ਸਥਾਨਕ ਸੰਸਥਾਵਾਂ ਵਲੋਂ ਉਨ੍ਹਾਂ ਦੇ ਖਾਤਿਆਂ ਵਿਚ ਸਮੇ ਸਿਰ ਰਕਮ ਜਮ੍ਹਾਂ ਨਹੀ ਕਰਵਾਈ ਜਾਂਦੀ ਅਤੇ ਨਾ ਹੀ ਪੈਨਸਨ ਕੰਟਰੀਬਿਊਸਨ ਦੀ ਰਕਮ ਜਮ੍ਹਾਂ ਕਰਵਾਈ ਜਾਂਦੀ ਹੈ। ਜਿਸ ਕਾਰਨ ਕਰਮਚਾਰੀਆਂ ਵਲੋਂ ਇਸ ਸਬੰਧੀ ਵੱਖ ਵੱਖ ਕੋਰਟ ਕੇਸ ਦਾਇਰ ਕੀਤੇ ਜਾਂਦੇ ਹਨ ਅਤੇ ਮਾਨਯੋਗ ਅਦਾਲਤਾਂ ਵਲੋਂ ਵੀ ਇਸ ਦਾ ਗੰਭੀਰ ਨੋਟਿਸ ਲਿਆ ਜਾਂਦਾ ਹੈ।

ਇਸ ਮਾਮਲੇ ਨੂੰ ਸਰਕਾਰ ਵਲੋ ਬੜੀ ਗੰਭੀਰਤਾ ਨਾਲ ਲੈਂਦੇ ਹੋਏ ਇਸ ਵਿਭਾਗ ਦੇ ਪੱਤਰ ਨੰ ਸ1-ਜਬ-ਡਸਸ2011/22473-484 ਮਿਤੀ 21-7-2011 ਰਾਹੀਂ ਫੈਸਲਾ ਕੀਤਾ ਗਿਆ ਸੀ ਕਿ ਮੁਲਾਜਮਾਂ ਦੀ ਕੱਟੀ ਗਈ ਸੀ.ਪੀ.ਐਫ. ਦੀ ਰਕਮ ਸਮੇ ਸਿਰ ਉਨ੍ਹਾਂ ਦੇ ਖਾਤਿਆਂ ਵਿਚ ਜਮ੍ਹਾਂ ਕਰਵਾਈ ਜਾਵੇ। ਇਹ ਵੀ ਹਦਾਇਤ ਕੀਤੀ ਗਈ ਸੀ ਕਿ ਸਥਾਨਕ ਸੰਸਥਾਵਾਂ ਜਰੂਰੀ ਖਰਚਿਆਂ ਤੋਂ ਬਿਨ੍ਹਾਂ ਹੋਰ ਕੋਈ ਵੀ ਖਰਚਾ ਨਹੀਂ ਕਰੇਗੀ, ਖਰਚ ਕਰਨ ਤੋ ਪਹਿਲਾਂ ਸਬੰਧਤ ਨਗਰ ਕੌਸਲ/ਨਗਰ ਪੰਚਾਇਤ ਦਾ ਕਾਰਜ ਸਾਧਕ ਅਫਸਰ ਇਹ ਤਸਦੀਕ ਕਰੇਗਾ ਕਿ ਕਰਮਚਾਰੀਆਂ ਦੀ ਕਟੀ ਗਈ ਸੀ.ਪੀ.ਐਫ. ਦੀ ਸਾਰੇ ਮਹੀਨਿਆਂ ਦੀ ਰਕਮ ਉਨ੍ਹਾਂ ਦੇ ਖਾਤਿਆਂ ਵਿਚ ਜਮਾਂ ਕਰਵਾ ਦਿਤੀ ਗਈ ਹੈ। ਸਥਾਨਕ ਸੰਸਥਾਵਾਂ ਨੂੰ ਭਵਿਖ ਵਿਚ ਮਿਲਣ ਵਾਲੀ ਗ੍ਰਾਂਟ ਵਿਚੋ ਪਹਿਲਾ ਕਰਮਚਾਰੀਆਂ ਦੀ ਤਨਖਾਹ ਵਿਚੋ ਕੱਟੀ ਗਈ ਸੀ.ਪੀ.ਐਫ. ਦੀ ਰਕਮ ਉਨ੍ਹਾਂ ਦੇ ਖਾਤਿਆ ਵਿਚ ਜਮ੍ਹਾਂ ਕਰਵਾਈ ਜਾਵੇ ਅਤੇ ਰਿਟਾਇਰਮੈਂਟ ਡਿਊਜ ਦੀ ਅਦਾਇਗੀ ਕੀਤੀ ਜਾਵੇ, ਉਸ ਉਪਰੰਤ ਹੀ ਬਾਕੀ ਬਚਦੀ ਰਾਸੀ ਹੋਰ ਦੂਜੇ ਕੰਮਾਂ ਤੇ ਖਰਚ ਕੀਤੀ ਜਾਵੇ।

ਸਰਕਾਰ ਦੇ ਧਿਆਨ ਵਿਚ ਆਇਆ ਹੈ ਕਿ ਇਨ੍ਹਾਂ ਉਕਤ ਹਦਾਇਤਾਂ ਦੀ ਸਹਿਰੀ ਸਥਾਨਕ ਸੰਸਥਾਵਾਂ ਵਲੋ ਸਮੁੱਚੇ ਤੌਰ ਤੇ ਪਾਲਣਾ ਨਹੀਂ ਕੀਤੀ ਜਾ ਰਹੀ ਹੈ। ਸਰਕਾਰ ਨੇ ਫੈਸਲਾ ਕੀਤਾ ਹੈ ਕਿ ਸਹਿਰੀ ਸਥਾਨਕ ਸੰਸਥਾਵਾਂ ਵਲੋ ਆਪਣੇ ਕਰਮਚਾਰੀਆਂ ਦੀਆਂ ਹਰ ਮਹੀਨੇ ਦੀ ਤਨਖਾਹ ਵਿੱਚੋ ਕੱਟੀ ਗਈ ਜੀ.ਪੀ.ਐਫ./ਸੀ.ਪੀ.ਐਫ. ਅਤੇ ਹੋਰ ਕਟੌਤੀਆਂ ਦੀ ਰਕਮ ਸਬੰਧਤ ਖਾਤਿਆਂ ਵਿਚ ਅਤੇ ਪੈਨਸਨ ਕੰਟੀਰੀਬਿਊਸਨ ਦੀ ਰਕਮ ਹਰ ਮਹੀਨੇ ਸਮੇ ਸਿਰ ਜਮ੍ਹਾਂ ਕਰਵਾਉਣਾ ਯਕੀਨੀ ਬਣਾਇਆ ਜਾਵੇਗਾ। ਹਰ ਮਹੀਨੇ ਸਮੇ ਸਿਰ ਇਹ ਰਕਮ ਜਮ੍ਹਾਂ ਕਰਵਾਉਣ ਵਿਚ ਜੋ ਸੰਸਥਾ ਅਸਫਲ ਰਹਿੰਦੀ ਹੈ ਜਾਂ ਦੇਰੀ ਕਰਦੀ ਹੈ ਤਾਂ ਉਥੋਂ ਦੇ ਸਬੰਧਤ ਪ੍ਰਧਾਨ/ਕਾਰਜ ਸਾਧਕ ਅਫਸਰ ਵਿਰੁੱਧ ਸਖਤ ਅਨੁਸਾਸਨੀ ਕਾਰਵਾਈ ਅਰੰਭੀ ਜਾਵੇਗੀ। ਇਹ ਵੀ ਫੈਸਲਾ ਕੀਤਾ ਗਿਆ ਹੈ ਕਿ ਜਿਨ੍ਹਾਂ ਸਹਿਰੀ ਸਥਾਨਕ ਸੰਸਥਾਵਾਂ ਵਿਖੇ ਪ੍ਰੀ-ਆਡਿਟ ਸਕੀਮ ਲਾਗੂ ਹੈ, ਉਨ੍ਹਾਂ ਸਹਿਰੀ ਸਥਾਨਕ ਸੰਸਥਾਵਾਂ ਵਿਚ ਤੈਨਾਤ ਆਡਿਟ ਪਾਰਟੀਆਂ ਤੋ ਇਨ੍ਹਾਂ ਹਦਾਇਤਾ ਦੀ ਪਾਲਣਾ ਕਰਵਾਉਣਾ ਵਿਸੇਸ ਤੋਰ ਤੇ ਯਕੀਨੀ ਬਣਾਇਆ ਜਾਵੇ।

ਡਾਇਰੈਕਟਰ, ਸਥਾਨਕ ਸਰਕਾਰ, ਪੰਜਾਬ।

ਡਾਇਰੈਕਟੋਰੇਟ ਸਥਾਨਕ ਸਰਕਾਰ, ਪੰਜਾਬ ਚੰਡੀਗੜ੍ਹ

(ਜਨਰਲ ਸਾਖਾ)

ਸੇਵਾ ਵਿਖੇ,

1. ਸਮੂਹ ਕਮਿਸਨਰ, ਨਗਰ ਨਿਗਮ,
2. ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਹਿਰੀ ਸਥਾਨਕ ਸੰਸਥਾਵਾਂ
(ਪੰਜਾਬ ਰਾਜ ਵਿੱਚ)

ਪੱਤਰ ਨੰਬਰ : ਸ2-ਜਬ-ਡਸਸ-13/35404-418

ਮਿਤੀ : 22-10-2013

ਵਿਸ਼ਾ : ਪੰਜਾਬ ਰਾਜ ਵਿੱਚ ਡੇਂਗੂ ਦੀ ਰੋਕਥਾਮ ਲਈ ਉਚੇਚੇ ਉਪਰਾਲੇ ਕਰਨ ਸਬੰਧੀ।

ਹਵਾਲਾ : ਉਪਰੋਕਤ ਵਿਸੇ ਤੇ ਇਸ ਦਫਤਰ ਦੇ ਪੱਤਰ ਨੰਬਰ ਸ2-ਜਬ-ਡਸਸ-13/25738-752 ਮਿਤੀ 18-07-2013 ਅਤੇ ਯਾਦ ਪੱਤਰ ਨੰਬਰ ਸ2-ਜਬ-ਡਸਸ-13/34382-396 ਮਿਤੀ 17-10-2013 ਦੀ ਲਗਾਤਾਰਤਾ ਵਿੱਚ।

*****

ਉਪਰੋਕਤ ਹਵਾਲੇ ਅਧੀਨ ਪੱਤਰ ਰਾਹੀਂ ਆਪ ਨੂੰ ਮਲੇਰੀਆਂ ਅਤੇ ਡੇਂਗੂ ਦੀ ਰੋਕਥਾਮ ਲਈ ਅਤੇ ਅਰਬਨ ਬਾਈਲਾਜ ਨੂੰ ਲਾਗੂ ਕਰਨ ਲਈ ਲੋੜੀਦੀਆਂ ਹਦਾਇਤਾਂ ਜਾਰੀਂ ਕੀਤੀਆ ਗਈਆ ਸਨ।

ਜਿਵੇਂ ਕਿ ਆਪ ਨੂੰ ਪਤਾ ਹੀ ਹੈ ਕਿ ਪੰਜਾਬ ਰਾਜ ਵਿੱਚ ਡੇਂਗੂ ਬੁਖਾਰ ਨਾਲ ਪੀੜਤ ਮਰੀਜ਼ਾਂ ਵਿੱਚ ਦਿਨੋਂ-ਦਿਨ ਵਾਧਾ ਹੋ ਰਿਹਾ ਹੈ। ਸਿਹਤ ਵਿਭਾਗ ਵੱਲੋਂ ਵੀ ਡੇਂਗੂ ਦੀ ਰੋਕਥਾਮ ਲਈ ਉਪਰਾਲੇ ਕੀਤੇ ਜਾ ਰਹੇ ਹਨ ਅਤੇ ਆਮ ਜਨਤਾ ਨੂੰ ਸਿਹਤ ਸਹੂਲਤਾਂ ਪ੍ਰਦਾਨ ਕਰਵਾਉਣ ਸਬੰਧੀ ਜਾਗਰੂਕ ਕੀਤਾ ਜਾ ਰਿਹਾ ਹੈ ਫਿਰ ਵੀ ਖਾਸ ਕਰਕੇ ਰਾਜ ਦੀ ਸਹਿਰੀ ਵਸੋਂ ਨੂੰ ਡੇਂਗੂ ਦੇ ਬਚਾਅ ਲਈ ਜਾਗਰੂਕ ਕਰਨ ਲਈ ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਠੋਸ ਕਦਮ ਚੁੱਕੇ ਜਾਣ ਦੀ ਲੋੜ ਹੈ। ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਸਹਿਰੀ ਸਥਾਨਕ ਸੰਸਥਾਵਾਂ ਵੱਲੋਂ ਹੇਠ ਲਿਖੇ ਅਨੁਸਾਰ ਕਾਰਵਾਈ ਕੀਤੀ ਜਾਵੇਂ।

"ਸਹਿਰਾਂ ਵਿੱਚ ਕੀਟਨਾਸਕ ਦਵਾਈਆਂ ਦੀ ਫੋਗਿੰਗ ਕਰਨਾਂ, ਘਰਾਂ, ਕਾਰਖਾਨਿਆਂ ਅਤੇ ਹੋਰ ਵਸੋਂ ਵਾਲੀਆਂ ਥਾਵਾਂ ਵਿੱਚ ਲੱਗੇ ਕੂਲਰਾਂ ਅਤੇ ਫਰਿੱਜਾਂ ਦੀ ਸਫਾਈ ਕਰਨਾਂ, ਸਹਿਰੀ ਏਰੀਏ ਵਿੱਚ ਜਿੱਥੇ, ਕਿਤੇ ਵੀ ਪਾਣੀ ਖੜ੍ਹਾਂ ਪਾਇਆ ਜਾਂਦਾ ਹੈ, ਉਸਨੂੰ ਸਾਫ ਕਰਨਾ ਅਤੇ ਖੜ੍ਹੇ ਪਾਣੀ ਤੇ ਜਲੇ ਹੋਏ ਤੇਲ ਦਾ ਛਿੜਕਾ ਕਰਨਾ ਆਦਿ। ਇਸਤੋਂ ਇਲਾਵਾ ਘਰਾਂ ਵਿੱਚ, ਕਵਾੜ ਵਾਲੀਆਂ ਦੁਕਾਨਾਂ ਅਤੇ ਵਰਕਸ਼ਾਪਾ ਵਿੱਚ ਪਏ ਟਾਇਰਾਂ, ਟੁਟੇ-ਫੁੱਟੇ ਬਰਤਨਾਂ ਅਤੇ ਗਮਲਿਆਂ ਵਿੱਚ ਖੜ੍ਹੇ ਪਾਣੀ ਦੀ ਸਫਾਈ ਕਰਾਉਣ ਆਦਿ।"

ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਆਪ ਵੱਲੋਂ ਆਪਣੇ ਸਬੰਧਤ ਅਮਲੇ ਰਾਂਹੀ ਉਪਰੋਕਤ ਥਾਵਾਂ ਤੇ ਪਾਏ ਜਾਣ ਵਾਲੇ ਲਾਰਵੇ ਦੀ ਪਹਿਚਾਣ ਕਰਵਾਈ ਜਾਵੇ। ਜੇਕਰ ਉੱਥੇ ਮੱਛਰ ਦਾ ਲਾਰਵਾ ਮਿਲਦਾ ਹੈ ਤਾਂ ਤੁਰੰਤ ਐਂਟੀ-ਲਾਰਵਾ ਮਈਅਰ ਲੈਣੇ ਯਕੀਨੀ ਬਣਾਏ ਜਾਣ। ਇਸ ਦੇ ਨਾਲ ਇਹ ਵੀ ਹਦਾਇਤ ਕੀਤੀ ਜਾਂਦੀ ਹੈ ਕਿ ਸਹਿਰਾ ਵਿੱਚ ਸਾਫ ਸਫਾਈ ਦਾ ਪ੍ਰਬੰਧ ਕਰਕੇ ਡੇਂਗੂ ਦੇ ਬਚਾਅ ਅਤੇ ਰੋਕਥਾਮ ਲਈ ਆਮ ਲੋਕਾਂ ਨੂੰ ਜਾਣੂ ਕਰਵਾਉਣ ਲਈ ਸਿਹਤ ਸਿੱਖਿਆ, ਸਿਹਤ ਵਿਭਾਗ ਦੇ ਅਧਿਕਾਰੀਆਂ ਨਾਲ ਤਾਲ-ਮੇਲ ਕਰਕੇ ਮੁਹੱਈਆ ਕਰਵਾਉਣੀ ਯਕੀਨੀ ਬਣਾਈ ਜਾਵੇ ਤਾਂ ਜੋ ਇਸ ਬਿਮਾਰੀ ਦੀ ਚਿੰਤਾਜਨਕ ਸਮੱਸਿਆਂ ਤੋਂ ਛੁਟਕਾਰਾ ਪਾਇਆ ਜਾ ਸਕੇ।

ਇੰਨ੍ਹਾਂ ਹਦਾਇਤਾਂ ਦੀ ਪਾਲਣਾ ਇੰਨ-ਬਿਨ ਕਰਨੀ ਯਕੀਨੀ ਬਣਾਈ ਜਾਵੇ।

ਡਾਇਰੈਕਟਰ ਸਥਾਨਕ ਸਰਕਾਰ, ਪੰਜਾਬ

ਪਿੱਠ ਅੰਕਣ ਨੰ : ਸ2-ਜਬ-ਡਸਸ-13/ 35419 ਮਿਤੀ : 22-10-2013

ਇਸ ਦਾ ਇੱਕ ਉਤਾਰਾ ਪ੍ਰਮੁੱਖ ਸਕੱਤਰ, ਸਿਹਤ ਤੇ ਪਰਿਵਾਰ ਭਲਾਈ ਵਿਭਾਗ, ਡਾਕਟਰੀ ਸਿੱਖਿਆ ਤੇ ਖੋਜ ਵਿਭਾਗ ਜੀ ਨੂੰ ਉਨ੍ਹਾਂ ਦੇ ਅਰਧ ਸਰਕਾਰੀ ਪੱਤਰ ਨੰ: PS/PSHFW/2013/390 ਮਿਤੀ 14-10-2013 ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆਂ ਜਾਂਦਾ ਹੈ।

ਡਾਇਰੈਕਟਰ ਸਥਾਨਕ ਸਰਕਾਰ, ਪੰਜਾਬ

ਡਾਇਰੈਕਟੋਰੇਟ ਸਥਾਨਕ ਸਰਕਾਰ, ਪੰਜਾਬ, ਚੰਡੀਗੜ੍ਹ
(ਜਨਰਲ ਸ਼ਾਖਾ)

ਸੇਵਾ ਵਿਖੇ

1. ਸਮੂਹ ਕਮਿਸ਼ਨਰ, ਨਗਰ ਨਿਗਮ ;
2. ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸ਼ਹਿਰੀ ਸਥਾਨਕ ਸੰਸਥਾਵਾਂ
(ਪੰਜਾਬ ਰਾਜ ਵਿਚ)

ਯਾਦ ਪੱਤਰ ਨੰ: ਸ2-ਜਬ-ਡਸਸ-13/ 40427-442
ਮਿਤੀ: 3-12-13

ਵਿਸ਼ਾ:- ਪੰਜਾਬ ਵਿੱਚ ਡੇਂਗੂ ਅਤੇ ਹੋਰ ਵੈਕਟਰ ਬੌਰਨ ਡਜੀਜ ਨੂੰ ਕੰਟਰੋਲ ਕਰਨ ਲਈ ਕੀਤੇ ਜਾਣ ਵਾਲੇ ਉਪਰਾਲੇ।

ਹਵਾਲਾ: ਇਸ ਦਫਤਰ ਦੇ ਯਾਦ ਪੱਤਰ ਨੰ: ਸ2-ਜਬ-ਡਸਸ-13/35404-418, ਮਿਤੀ: 22-10-2013 ਦੀ ਲਗਾਤਾਰਤਾ ਵਿਚ।

******

ਉਪਰੋਕਤ ਹਵਾਲੇ ਅਧੀਨ ਪੱਤਰ ਰਾਹੀ ਆਪ ਨੂੰ ਮਲੇਰੀਆਂ ਅਤੇ ਡੇਂਗੂ ਦੀ ਰੋਕਥਾਮ ਲਈ ਅਤੇ ਅਰਬਨ ਬਾਈਲਾਜ ਨੂੰ ਲਾਗੂ ਕਰਨ ਲਈ ਲੋੜੀਂਦੀਆਂ ਹਦਾਇਤਾਂ ਜਾਰੀ ਕੀਤੀਆਂ ਗਈਆਂ ਸਨ ਅਤੇ ਡੇਂਗੂ ਦੀ ਰੋਕਥਾਮ ਲਈ ਉਪਰਾਲੇ ਕਰਨ ਲਈ ਲਿਖਿਆ ਗਿਆ ਸੀ।

ਜਿਵੇਂ ਕਿ ਸਰਕਾਰ ਦੇ ਨੋਟਿਸ ਵਿੱਚ ਹੈ ਅਤੇ ਆਪ ਨੂੰ ਪਤਾ ਹੀ ਹੈ ਕਿ Dengue ਅਤੇ ਹੋਰ Vector Born Disease ਕਾਰਨ ਮੀਰਜਾਂ ਦੀ ਗਿਣਤੀ ਵਿੱਚ ਵਾਧਾ ਹੋ ਰਿਹਾ ਹੈ ਅਤੇ ਕਈ ਵਾਰੀ ਇਸ ਬਿਮਾਰੀ ਸਬੰਧੀ ਅਖਬਾਰਾਂ ਵਿੱਚ ਖ਼ਬਰਾਂ ਛਪਣ ਕਾਰਨ ਇਸ ਦਾ ਡਰ ਲੋਕਾਂ ਵਿੱਚ ਹੋਰ ਵੀ ਵੱਧ ਜਾਂਦਾ ਹੈ । ਬੇਸ਼ਕ ਸਿਹਤ ਵਿਭਾਗ ਇਸ ਬਿਮਾਰੀ ਦੀ ਰੋਕਥਾਮ ਲਈ ਕਾਫੀ ਉਪਰਾਲੇ ਕਰ ਰਿਹਾ ਹੈ ਫੇਰ ਵੀ ਇਹ ਜਰੂਰੀ ਹੋ ਜਾਂਦਾ ਹੈ ਕਿ ਸਾਡੇ ਵਿਭਾਗ ਦੀ ਜੋ ਡਿਊਟੀ ਹੈ, ਉਸ ਨੂੰ ਤਨਦੇਹੀ ਨਾਲ ਨਿਭਾਇਆ ਜਾਵੇ । ਇਥੇ ਇਹ ਵੀ ਲਿਖਿਆ ਹੈ ਕਿ ਕਾਰਪੋਰੇਸ਼ਨਾਂ/ਕਮੇਟੀਆਂ ਦੇ ਸਬੰਧਤ ਅਫਸਰ ਡਾਕਟਰਾਂ ਨਾਲ ਤਾਲਮੇਲ ਕਰਕੇ ਇਸ ਬਿਮਾਰੀ ਦੀ ਰੋਕਥਾਮ ਲਈ ਕੀਤੇ ਜਾਣ ਵਾਲੇ ਉਪਰਾਲਿਆਂ ਅਤੇ ਉਠਾਏ ਜਾਣ ਵਾਲੇ ਕਦਮਾਂ ਬਾਰੇ ਲੋਕਾਂ ਵਿੱਚ ਖਾਸ ਕਰਕੇ ਸਲੱਮ ਬਸਤੀਆਂ ਵਿੱਚ ਜਾਣਕਾਰੀ ਦੇਣ ਤਾਂ ਜੋ ਡੇਂਗੂ ਵਰਗੀ ਬਿਮਾਰੀ ਨੂੰ ਫੈਲਣ ਤੋਂ ਰੋਕਿਆ ਜਾ ਸਕੇ । ਮਲੇਰੀਆਂ ਵਿੰਗ/ਸੈਨੇਟਰੀ ਵਿੰਗ ਦੇ ਸਬੰਧਤ ਸਟਾਫ /ਵਲੋਂ ਹਰ ਰੋਜ ਆਪਣੇ ਆਪਣੇ ਏਰੀਆ ਵਿੱਚ ਸ਼ੈਡਿਊਲ ਬਣਾ ਕੇ ਫੋਗਿੰਗ ਕਰਵਾਈ ਜਾਵੇ ਅਤੇ ਉਸ ਦੀ ਚੰਗੇ ਤਰੀਕੇ ਨਾਲ ਮੋਨੀਟਰਿੰਗ ਵੀ ਕੀਤੀ ਜਾਵੇ । ਲੋਕਾਂ ਦੇ ਘਰਾਂ ਵਿੱਚ ਕੂਲਰਾਂ ਆਦਿ ਦੀ ਚੈਕਿੰਗ ਕਰਵਾਈ ਜਾਵੇ ਤਾਂ ਜੋ ਉਸ ਵਿੱਚ ਖੜ੍ਹਾ ਪਾਣੀ ਨਾ ਪਾਇਆ ਜਾਵੇ ਕਿਉਂਕਿ ਖੜੇ ਪਾਣੀ ਵਿੱਚ ਲਾਰਵਾ ਹੋਣ ਕਾਰਨ ਮੱਛਰ ਪੈਦਾ ਹੁੰਦਾ ਹੈ ਜਿਸ ਨਾਲ ਡੇਂਗੂ ਵਰਗੀ ਬਿਮਾਰੀ ਦਾ ਖਦਸਾ ਬਣਿਆ ਰਹਿੰਦਾ ਹੈ । ਇਸ ਲਈ ਜੇਕਰ ਜਰੂਰੀ ਹੋਵੇ ਤਾਂ ਜਿਨ੍ਹਾਂ ਦੇ ਕੂਲਰਾਂ ਵਿੱਚ ਖੜਾ ਪਾਣੀ ਪਾਇਆ ਜਾਂਦਾ ਹੈ, ਉਨ੍ਹਾਂ ਵਿਰੁੱਧ ਚਲਾਨ ਕਰਨ ਵਿੱਚ ਵੀ ਗੁਰੇਜ ਨਾ ਕੀਤਾ ਜਾਵੇ । ਇਸ ਤੋਂ ਇਲਾਵਾ ਕਾਰਪੋਰੇਸ਼ਨ/ਕਮੇਟੀ ਦੇ ਪਾਣੀ ਵਾਲੇ ਪਾਈਪ ਵੀ ਚੈਕ ਕਰਵਾਏ ਜਾਣ ਤਾਂ ਜੋ ਕਿਸੇ ਥਾਂ ਤੇ ਲੀਕੇਜ ਆਦਿ ਜੇ ਹੋਵੇ ਤਾਂ ਉਸ ਦੀ ਤੁਰੰਤ ਮੁਰੰਮਤ ਕਰਵਾਈ ਜਾਵੇ । ਇਨ੍ਹਾਂ ਕਦਮਾਂ ਤੋਂ ਇਲਾਵਾ ਸਿਹਤ ਵਿਭਾਗ ਦੇ ਡਾਕਟਰਾਂ ਨਾਲ ਮਿਲ ਕੇ ਪ੍ਰੋਗਰਾਮ ਉਲੀਕੇ ਜਾਣ ਅਤੇ ਸੈਮੀਨਾਰ/ਮੀਟਿੰਗਜ ਆਦਿ ਕਰਕੇ ਮੱਛਰਾਂ ਦੀ ਬਰੀਡਿੰਗ ਦੀ ਰੋਕਥਾਮ ਲਈ ਲੋਕਾਂ ਨੂੰ ਚੰਗੀ ਤਰ੍ਹਾਂ ਜਾਣੂ ਕਰਵਾਇਆ ਜਾਵੇ ਅਤੇ ਉਕਤ ਹਦਾਇਤਾਂ ਦੀ ਪਾਲਣਾ ਯਕੀਨੀ ਬਣਾਈ ਜਾਵੇ ।

ਇਸ ਸਬੰਧੀ ਕੀਤੀ ਕਾਰਵਾਈ ਬਾਰੇ ਨਿਮਨਹਸਤਾਖਰ ਨੂੰ ਫੌਰੀ ਤੌਰ ਤੇ ਰਿਪੋਰਟ ਭੇਜੀ ਜਾਵੇ ।

ਡਾਇਰੈਕਟਰ ਸਥਾਨਕ ਸਰਕਾਰ, ਪੰਜਾਬ

ਪਿੱਠ ਅੰਕਣ ਨੰ:ਸ੍ਰ2-ਜਬ-ਡਸਸ-13/
ਮਿਤੀ:

ਇਸ ਦਾ ਇਕ ਉਤਾਰਾ ਸਕੱਤਰ, ਸਥਾਨਕ ਸਰਕਾਰ, ਪੰਜਾਬ, ਜੀ ਨੂੰ ਉਨ੍ਹਾਂ ਦੇ ਅਰਧ ਸਰਕਾਰੀ ਪੱਤਰ ਨੰ:ਪੀ.ਏ./ਸਸਸ/2013/336 ਮਿਤੀ 21-11-2013 ਸਮੇਤ ਦੇ ਹਵਾਲੇ ਵਿੱਚ ਸੂਚਨਾ ਹਿੱਤ ਭੇਜਿਆ ਜਾਂਦਾ ਹੈ ।

ਡਾਇਰੈਕਟਰ ਸਥਾਨਕ ਸਰਕਾਰ, ਪੰਜਾਬ

# ਡਾਇਰੈਕਟੋਰੇਟ, ਸਥਾਨਕ ਸਰਕਾਰ ਵਿਭਾਗ, ਪੰਜਾਬ

ਐਸ.ਸੀ.ਓ.ਨੰ: 131-132,ਸੈਕਟਰ 17-ਸੀ, ਚੰਡੀਗੜ੍ਹ - 160 017

(ਜਨਰਲ ਸਾਖਾ)

ਫੋਨ. 0172-2704878

ਫੈਕਸ. 0172-2702504

ਈ-ਮੇਲ: eo.dlgchd@gmail.com


ਸੇਵਾ ਵਿਖੇ

1) ਸਮੂਹ ਕਮਿਸਨਰ, ਨਗਰ ਨਿਗਮਾਂ;

2) ਸਮੂਹ ਰਿਜਨਲ ਡਿਪਟੀ ਡਾਇਰੈਕਟਰ,
ਸਥਾਨਕ ਸਰਕਾਰ ;

3) ਸਮੂਹ ਕਾਰਜ ਸਾਧਕ ਅਫਸਰ,
ਨਗਰ ਕੌਂਸਲਾਂ/ਨਗਰ ਪੰਚਾਇਤਾਂ (ਪੰਜਾਬ ਰਾਜ ਵਿੱਚ )

ਪੱਤਰ ਨੰਬਰ : ਸ2-ਜਸ-ਡਸਸ-13/169-269

ਮਿਤੀਯ 2-1-14

ਵਿਸਾ:- ਜਨਮ ਅਤੇ ਮੌਤ ਰਜਿਸਟਰੇਸਨ ਦੀ ਪ੍ਰਣਾਲੀ ਵਿੱਚ ਸੁਧਾਰ ਕਰਨ ਸਬੰਧੀ ।

******

ਉਪਰੋਕਤ ਵਿਸੇ ਤੇ ਇਸ ਵਿਭਾਗ ਦੇ ਯਾਦ ਪੱਤਰ ਨੰ:ਸ2-ਜਸ-ਡਸਸ-12/29667-815 ਮਿਤੀ 7-8-2012 ਦੀ ਲਗਾਤਾਰਤਾ ਵਿੱਚ ।

2. ਮਿਤੀ 20-12-2013 ਨੂੰ ਜਨਮ ਅਤੇ ਮੌਤ ਰਜਿਸਟਰੇਸਨ ਦੀ ਪ੍ਰਣਾਲੀ ਵਿੱਚ ਸੁਧਾਰ ਲਈ ਰਾਜਪੱਧਰੀ ਅੰਤਰ ਵਿਭਾਗੀ ਤਾਲਮੇਲ ਕਮੇਟੀ ਦੀ ਹੋਈ ਮੀਟਿੰਗ ਵਿੱਚ ਵੇਰਵੇ ਸਾਹਿਤ ਵਿਚਾਰ ਵਟਾਂਦਰਾ ਕਰਨ ਉਪਰੰਤ ਇਹ ਗੱਲ ਸਾਹਮਣੇ ਆਈ ਹੈ ਕਿ ਸਹਿਰੀ ਸਥਾਨਕ ਸੰਸਥਾਵਾਂ ਵੱਲੋ ਜਨਮ ਅਤੇ ਮੌਤ ਸਬੰਧੀ ਹੇਠ ਲਿਖੇ ਮੁੱਦਿਆਂ ਤੇ ਅਮਲੀ ਤੌਰ ਤੇ ਕਾਰਵਾਈ ਨਹੀ ਕੀਤੀ ਜਾਂਦੀ । ਇਸ ਲਈ ਇਸ ਕਮੇਟੀ ਵੱਲੋਂ ਇਹ ਫੈਸਲਾ ਕੀਤਾ ਗਿਆ ਹੈ ਕਿ ਇਨਾਂ ਮੁੱਦਿਆਂ ਸਬੰਧੀ ਕਾਰਵਾਈ ਕਰਨ ਲਈ ਸਥਾਨਕ ਸਰਕਾਰ ਵਿਭਾਗ ਵੱਲੋਂ ਸਹਿਰੀ ਸਥਾਨਕ ਸੰਸਥਾਵਾਂ ਨੂੰ ਹਦਾਇਤਾਂ ਜਾਰੀ ਕੀਤੀਆਂ ਜਾਣ :-

(a) **Deposit of fees and other charges related to birth and death registration by the Municipal Corporation/Panchayat in Govt heads.**

It has been observed that some of the Municipal bodies of the State are not depositing fees and other charges regularly related to birth and death registration in the Govt.Head which amount to financial irregularity.You are requested to regularly deposit the fees and other charges collected for the services of birth and death registration in the State Govt. heads.

(b) **Printing of Stationary of Birth/Death registration on prescribed formats.**

Health Department has standardized the birth and death certificates as per direction of Registrar General. India and these certificates have been printed and circulated to all the Distt. Registrars and Local Registrars for issuance.In these standardized ceritificates, national emblem is printed in the middle at the top , state emplem on the left side and birth and death logo on the right side. The Supreme Court of India in WPC 39 of 2009 has also instructed Chief Registrars all the States and UTs to use only standardized formats of these certificates. So it becomes the responsibility of the issuing authorities to use only standardized formats of birth and death certificates.

It has been observed that some of the Municipalities especially big corporations are not using standardized formats of certificates. So you are requested to use only standardized formats of certificates. If any Municipal body want to print these certificates at their own level then the format issued by the Health Department may be used for that purpose,

(c) **Placing of boards in the cremation grounds.**

Health Department has supplied boards to all the districts for placing in the cremation grounds of urban area at appropriate place especially where the small children are buried so that people may get to know that the registration of death of small children is equally important under RBD Act and State Rules.

You are requested to see the possibility of declaring the caretakers of cremation or burial grounds as notifiers U/s 10 (1) (ii) of RBD act, 1969 for notifying all the deaths which

he attended or was present to the area registrars. You are also requested to place boards regarding slogans of Birth and Death.

(d) **Delegation of power to Municipal employee as Sub Registrar at own level.**

It has been observed that Registrars of Births and Deaths of some of the Municipal Corporations/Councils are appointing Sub Registrar at their own level and giving power of issuance of certificates without seeking permission of the Chief Registrar Births and Deaths which is violation of Act and Rules.

You are requested not to declare the Sub Registrar (s) at your own level and prior permission be sought from the office of Chief Registrar for delegation of any power to the Sub Registrar. While sending case to the Health Department, the name of employee, designatgion, education qualification duties to be assigned may be included with the recommendation of Local Registrar in the case.

(e) **Computerization of Birth/Death record in Municipal Corporation/ Council/Nagar Panchayats.**

There is a plan to computerize Birth and Death and Death Regirsation record under e-District Project in the State. It has been observed that some of the Municipalities of the State are Computerizing birth and death regiration record in their own level. The office of Registrar General, India has allocated Rs. 48.00 Lacs for scanning data entry of historical data for the Municipal Corporation, Amritsar, Jalanadhar, Ludhiana, Patiala, Bathinda, Phagwara and Moga. The matter was taken up with the department of Governance Reforms and they have advised that under the National e-Governance Project, System intergrator is being finalized for covering the whole of the State.

The Department should also allocate/Allot the work to the L-1 party for the digitization of birth and death registration record. Hopefully the process will be completed by the third week of December, 2013. If some funds remained unutilized after the digitization in these Municipal bodies the the unutilized funds may be utilized for remaining Municipal Councils.

(f) **Issue of Free copy of registered event in the state (First Copy)**

The Supreme Court of India in WPC 39 of 2009 has also issued directions that all the children must have their birth certificates. So it becomes the responsibility of all the District Registrars or Registrars to issue a first copy free of cost to the timely reported events U/s 12 of RBD Act, 1969.

The Health Department has declared all the Govt. Medical institutions like CH/SDH/CHC/PHCs as sub registration centres in which a first copy of bith certificate is given to the nearest relative before the discharge of mother from the Hospital.

You are requested to ensure that a first copy of birth and death certificate is issued in all the timely reported cases which is mandatory for completion of registration process.

(g) **Publicity about Birth and death registration and special exemption of name of Child.**

The Chief Regisrtar, Birth and Deaths, Punjab has issued a circular dated 24-01-2011 for waiving of the condition of 15 year for reporting the name of the child in births record for two years. This exemption has further been extended upto 31-12-2014.

You are requested to use all the means or modes for publicity of importance of birth and death registration including special exemption for recording name of child. Further it is also requested that during any publicity campaign, the focus should remain on death registration including infant deaths.

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਦਰਸਾਏ ਗਏ ਮੁੱਦਿਆਂ ਸਬੰਧੀ ਕਾਰਵਾਈ ਕਰਨੀ ਯਕੀਨੀ ਬਣਾਈ ਜਾਵੇ ਅਤੇ ਕੀਤੀ ਗਈ ਕਾਰਵਾਈ ਬਾਰੇ ਰਿਪੋਰਟ 15 ਦਿਨ ਦੇ ਅੰਦਰ-ਅੰਦਰ ਇਸ ਵਿਭਾਗ ਨੂੰ ਭੇਜੀ ਜਾਵੇ।

ਡਾਇਰੈਕਟਰ ਸਥਾਨਕ ਸਰਕਾਰ

ਪਿੱਠ ਅੰਕਣ ਨੰ: ਸ2-ਜਸ-ਡਸਸ-13/ 270 ਮਿਤੀ 2-1-14

ਇਸ ਦਾ ਇੱਕ ਉਤਾਰਾ ਡਾਇਰੈਕਟਰ ਸਿਹਤ ਤੇ ਪਰਿਵਾਰ ਭਲਾਈ ਵਿਭਾਗ-ਕਮ-ਚੀਫ ਰਜਿਸਟਰਾਰ ਜਨਮ ਤੇ ਮੌਤ, ਪੰਜਾਬ, ਪਰਿਵਾਰ ਕਲਿਆਣ ਭਵਨ, ਸੈਕਟਰ 34-ਏ, ਚੰਡੀਗੜ੍ਹ ਨੂੰ ਉਨ੍ਹਾਂ ਦੇ ਪੱਤਰ ਨੰਬਰ : ਐਸ.ਬੀ.ਐਚ.ਆਈ. (ਵੀ.ਐਸ.ਟੀ.)ਪੰ./13/10086-95 ਮਿਤੀ 12-12-2013 ਦੇ ਹਵਾਲੇ ਸੂਚਨਾ ਅਤੇ ਜਰੂਰੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

ਡਾਇਰੈਕਟਰ ਸਥਾਨਕ ਸਰਕਾਰ